# Punjab Government Gazette

## EXTRAORDINARY

*Published by Authority*

CHANDIGARH, FRIDAY, JANUARY 30, 2026
(MAGHA 10, 1947 SAKA)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਐਕਟ, 1998 (1998 ਦਾ ਪੰਜਾਬ ਐਕਟ ਨੰ. 22) | ... 127-136 |
| | 2. ਪੰਜਾਬ ਇਮਾਰਤ ਉਪ-ਕਾਨੂੰਨਾਂ ਦੀ ਖ਼ਿਲਾਫ਼ਵਰਜ਼ੀਆਂ ਵਿੱਚ ਉਸਾਰੀਆਂ ਗਈਆਂ ਇਮਾਰਤਾਂ ਦਾ ਇੱਕੋ ਵਾਰੀ ਸਵੈ-ਇੱਛਕ ਪ੍ਰਗਟਾਵਾ ਅਤੇ ਨਿਪਟਾਰਾ ਐਕਟ, 2019 (2019 ਦਾ ਪੰਜਾਬ ਐਕਟ ਨੰ. 6) | ... 137-146 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

———

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 29 ਜਨਵਰੀ, 2026

ਨੰ. 10/ਭ:ਕ/2026.- ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਐਕਟ, 1998 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 29th January, 2026

**No. 10/L.C./2026.-** The Translation in Punjabi of the Punjab Roads and Bridges Development Board Act, 1998 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਐਕਟ, 1998

(1998 ਦਾ ਪੰਜਾਬ ਐਕਟ ਨੰ. 22)

ਪੰਜਾਬ ਰਾਜ ਵਿੱਚ ਸੜਕਾਂ ਅਤੇ ਪੁਲਾਂ ਦੀ ਅਧਾਰਕ ਬਣਤਰ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀ ਦ੍ਰਿਸ਼ਟੀ ਨਾਲ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਦੀ ਸਥਾਪਨਾ ਕਰਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਨੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਐਕਟ, 1998 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਬੋਰਡ" ਦਾ ਮਤਲਬ ਹੈ ਧਾਰਾ 3 ਦੇ ਅਧੀਨ ਸਥਾਪਤ ਕੀਤਾ ਗਿਆ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ;

(ਅ) "ਪੁਲ" ਦਾ ਮਤਲਬ ਹੈ ਸੜਕ ਯੋਜਨਾ ਤੇ ਇੱਕ ਸਥਾਈ ਜਾਂ ਅਸਥਾਈ ਪੁਲ ਅਤੇ ਇਸ ਵਿੱਚ ਅਜਿਹੇ ਹੋਰ ਸਥਾਈ ਜਾਂ ਅਸਥਾਈ ਪੁਲ ਜਾਂ ਸੜਕ ਦੇ ਉੱਪਰਲੇ ਪੁਲ ਜਾਂ ਸੜਕ ਦੇ ਹੇਠਲੇ ਪੁਲ ਜਾਂ ਬੇੜੀ ਸੇਵਾਵਾਂ ਸ਼ਾਮਲ ਹੋਣਗੀਆਂ, ਜਿਵੇਂ ਸਮੇਂ ਸਮੇਂ ਤੇ ਸਰਕਾਰ ਦੁਆਰਾ ਉਸਾਰੀ ਜਾਂ ਸੁਧਾਰ ਲਈ ਜ਼ਿੰਮੇ ਲਏ ਗਏ ਹਨ;

(ਅਅ) "ਰਿਆਇਤ" ਵਿੱਚ ਕਿਸੇ ਅਧਾਰਕ ਬਣਤਰ ਪ੍ਰੋਜੈਕਟ ਦੇ ਕਿਸੇ ਪਹਿਲੂ ਦੇ ਬਾਰੇ ਵਿੱਚ ਰਿਆਇਤਧਾਰਕ ਨੂੰ ਦਿੱਤਾ ਗਿਆ ਕੋਈ ਅਧਿਕਾਰ ਜਾਂ ਹਿੱਤ ਅਤੇ ਨਾਲ ਹੀ ਰਾਜ ਸਰਕਾਰ ਦੁਆਰਾ ਆਧਾਰਕ ਬਣਤਰ ਪ੍ਰੋਜੈਕਟ ਦੀ ਵਿਵਹਾਰਕਤਾ ਅਤੇ ਵਣਜਕ ਕਾਰਗਰੀ ਨੂੰ ਸੁਨਿਸ਼ਚਿਤ ਕਰਨ ਲਈ ਦਿੱਤੀ ਗਈ ਕੋਈ ਉਪਦਾਨ, ਆਰਥਿਕ ਸਹਾਇਤਾ, ਗ੍ਰਾਂਟ ਜਾਂ ਹੋਰ ਉਸੇ ਵਰਗਾ ਵਿੱਤੀ ਉਤਸ਼ਾਹ ਸ਼ਾਮਲ ਹੈ;

(ਇ) "ਫ਼ੰਡ" ਦਾ ਮਤਲਬ ਹੈ ਧਾਰਾ 7 ਦੇ ਅਧੀਨ ਗਠਤ ਕੀਤਾ ਗਿਆ ਪੰਜਾਬ ਸੜਕਾਂ ਅਤੇ ਪੁਲ ਵਿਕਾਸ ਫ਼ੰਡ;

(ਸ) "ਸਰਕਾਰ" ਦਾ ਮਤਲਬ ਹੈ ਲੋਕ ਨਿਰਮਾਣ ਵਿਭਾਗ (ਇਮਾਰਤ ਅਤੇ ਸੜਕਾਂ) ਵਿੱਚ ਪੰਜਾਬ ਸਰਕਾਰ;

(ਸਸ) "ਵਿਰਾਸਤੀ ਇਮਾਰਤ" ਦਾ ਮਤਲਬ ਹੈ ਰਾਜ ਸਰਕਾਰ ਦੁਆਰਾ ਅਜਿਹੇ ਤੌਰ ਤੇ ਐਲਾਨੀ ਗਈ ਇਮਾਰਤ;

(ਸਸਸ) "ਅਧਾਰਕ ਬਣਤਰ ਪ੍ਰੋਜੈਕਟ" ਦਾ ਮਤਲਬ ਹੈ ਕਿਸੇ ਸੜਕ ਜਾਂ ਬਾਈਪਾਸ ਜਾਂ ਪੁਲ ਜਾਂ ਸੜਕ ਉਪਰਲੇ ਪੁਲ ਜਾਂ ਸੜਕ ਹੇਠਲੇ ਪੁਲ ਜਾਂ ਵਿਰਾਸਤੀ ਇਮਾਰਤ ਦੀ ਉਸਾਰੀ ਜਾਂ ਵਿਕਾਸ ਜਾਂ ਸਾਂਭ-ਸੰਭਾਲ;

(ਹ) "ਰਾਸ਼ਟਰੀ ਮਾਰਗ" ਦਾ ਮਤਲਬ ਹੈ ਰਾਸ਼ਟਰੀ ਰਾਜ-ਮਾਰਗ ਐਕਟ, 1956 (1956 ਦਾ ਕੇਂਦਰੀ ਐਕਟ ਨੰ. 48) ਨਾਲ ਨੱਥੀ ਅਨੁਸੂਚੀ ਵਿੱਚ ਉਲਿਖਤ ਕੀਤਾ ਰਾਸ਼ਟਰੀ ਰਾਜ-ਮਾਰਗ;

(ਕ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਖ) "ਯੋਜਨਾ ਸੜਕ" ਦਾ ਮਤਲਬ ਹੈ ਰਾਸ਼ਟਰੀ ਰਾਜ-ਮਾਰਗ ਜਾਂ ਲਿੰਕ ਸੜਕ ਤੋਂ ਇਲਾਵਾ ਇੱਕ ਸੜਕ ਜਾਂ ਸੜਕ ਦਾ ਹਿੱਸਾ ਅਤੇ ਇਸ ਵਿੱਚ ਅਜਿਹੀ ਹੋਰ ਸੜਕ ਜਾਂ ਸੜਕ ਦਾ ਹਿੱਸਾ ਸ਼ਾਮਲ ਹੋਵੇਗਾ, ਜਿਵੇਂ ਸਮੇਂ ਸਮੇਂ ਤੇ ਸਰਕਾਰ ਦੁਆਰਾ ਉਸਾਰੀ ਜਾਂ ਸੁਧਾਰ ਲਈ ਜਿੰਮਾ ਲਿਆ ਜਾਵੇ;

(ਗ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬੋਰਡ ਦੁਆਰਾ ਬਣਾਏ ਗਏ ਵਿਨਿਯਮ;

(ਘ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਙ) "ਰਾਜ" ਦਾ ਮਤਲਬ ਹੈ ਪੰਜਾਬ ਰਾਜ; ਅਤੇ

(ਚ) ਇਸ ਐਕਟ ਵਿੱਚ ਵਰਤੇ ਗਏ ਪਰ ਪਰਿਭਾਸ਼ਤ ਨਾ ਕੀਤੇ ਸ਼ਬਦਾਂ ਅਤੇ ਪਦਾਂ ਦਾ ਉਹੀ ਮਤਲਬ ਹੋਵੇਗਾ ਜੋ ਉਨ੍ਹਾਂ ਨੂੰ ਪੰਜਾਬ ਮਕੈਨੀਕਲ ਗੱਡੀ (ਪੁਲ ਅਤੇ ਸੜਕਾਂ ਟੋਲ) ਐਕਟ, 1998 (1998 ਦਾ ਪੰਜਾਬ ਐਕਟ 13) ਅਧੀਨ ਦਿੱਤਾ ਗਿਆ ਹੈ।

3. (1) ਸਰਕਾਰ, ਇਸ ਐਕਟ ਦੁਆਰਾ ਜਾਂ ਅਧੀਨ ਬੋਰਡ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਸੌਂਪੇ ਗਏ ਕਾਜਕਾਰਾਂ ਅਤੇ ਕਰਤੱਵਾਂ ਨੂੰ ਨਿਭਾਉਣ ਲਈ, ਅਧਿਸੂਚਨਾ ਦੁਆਰਾ, ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਦੀ ਸਥਾਪਨਾ ਕਰ ਸਕੇਗੀ। ਬੋਰਡ ਦੀ ਸਥਾਪਨਾ, ਇਸਦੀ ਰਚਨਾ, ਸ਼ਕਤੀਆਂ ਅਤੇ ਕਰਤੱਵ।

(2) ਉਪ-ਧਾਰਾ (1) ਦੇ ਨਿਬੰਧਨਾਂ ਅਨੁਸਾਰ ਸਥਾਪਤ ਕੀਤਾ ਗਿਆ ਬੋਰਡ ਇੱਕ ਚੇਅਰਮੈਨ, ਉਪ-ਚੇਅਰਮੈਨ ਅਤੇ ਹੇਠ-ਲਿਖੇ ਹੋਰ ਮੈਂਬਰਾਂ ਤੋਂ ਮਿਲਕੇ ਬਣੇਗਾ, ਅਰਥਾਤ:–

| | | |
|---|---|---|
| (i) | ਮੁੱਖ ਮੰਤਰੀ, ਪੰਜਾਬ | : ਚੇਅਰਮੈਨ |
| (ii) | ਲੋਕ ਨਿਰਮਾਣ ਮੰਤਰੀ (ਬੀ. ਅਤੇ ਆਰ.) | : ਉਪ-ਚੇਅਰਮੈਨ |
| (iii) | ਮੁੱਖ ਸਕੱਤਰ | : ਮੈਂਬਰ |
| (iv) | ਆਬਕਾਰੀ ਅਤੇ ਕਰ ਸਕੱਤਰ | : ਮੈਂਬਰ |
| (v) | ਵਿੱਤ ਸਕੱਤਰ | : ਮੈਂਬਰ |
| (vi) | ਯੋਜਨਾ ਸਕੱਤਰ | : ਮੈਂਬਰ |
| (vii) | ਆਵਾਜਾਈ ਸਕੱਤਰ | : ਮੈਂਬਰ |
| (viii) | ਲੋਕ ਨਿਰਮਾਣ ਸਕੱਤਰ (ਬੀ. ਅਤੇ ਆਰ.) | : ਮੈਂਬਰ ਸਕੱਤਰ |
| (ix) | ਮੁੱਖ ਇੰਜੀਨੀਅਰ, ਲੋਕ ਨਿਰਮਾਣ (ਸੜਕਾਂ ਅਤੇ ਪੁਲ ਦੇ ਇੰਚਾਰਜ) | : ਮੈਂਬਰ |
| (x) | ਚੇਅਰਮੈਨ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਮਾਹਰ ਜਿਨ੍ਹਾਂ ਨੂੰ ਰਾਜ-ਮਾਰਗ ਇੰਜੀਨੀਅਰਿੰਗ ਜਾਂ ਟ੍ਰੈਫਿਕ ਪ੍ਰਬੰਧਨ ਦੇ ਖੇਤਰ ਵਿੱਚ ਗਿਆਨ ਅਤੇ ਤਜਰਬਾ ਹੋਵੇ; ਅਤੇ | : ਮੈਂਬਰ |
| (xi) | ਚੇਅਰਮੈਨ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਮਾਹਰ ਜਿਨ੍ਹਾਂ ਨੂੰ ਆਧਾਰਕ ਬਣਤਰ ਵਿਕਾਸ, ਬੈਂਕਿੰਗ, ਵਿੱਤ ਜਾਂ ਅਰਥ-ਸ਼ਾਸਤਰ ਦੇ ਖੇਤਰ ਵਿੱਚ ਗਿਆਨ ਅਤੇ ਤਜ਼ਰਬਾ ਹੋਵੇ। | : ਮੈਂਬਰ |

(3) ਉਪ-ਧਾਰਾ (2) ਦੇ ਨਿਬੰਧਨਾਂ ਅਨੁਸਾਰ ਗਠਤ ਬੋਰਡ, ਇੱਕ ਨਿਗਮਤ ਬੌਡੀ ਹੋਵੇਗੀ ਜਿਸ ਕੋਲ ਸਦੀਵੀ ਉੱਤਰਾਧਿਕਾਰ ਅਤੇ ਸਾਂਝੀ ਮੁਹਰ ਹੋਵੇਗੀ, ਜਿਸ ਕੋਲ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਪਾਰਕ ਕਰਜ਼ਿਆਂ ਨੂੰ ਅਰਜਤ ਕਰਨ, ਉਧਾਰ ਲੈਣ ਅਤੇ ਚੁੱਕਣ ਅਤੇ ਸੰਪੱਤੀ ਧਾਰਨ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਸਰਕਾਰ ਬੋਰਡ ਅਤੇ ਇਸਦੇ ਕਰਮਚਾਰੀਆਂ ਉੱਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗੀ ਅਤੇ ਅਜਿਹੀ ਸੂਚਨਾ ਦੀ ਮੰਗ ਕਰ ਸਕੇਗੀ, ਜਿਵੇਂ ਇਹ ਜ਼ਰੂਰੀ ਸਮਝੇ।

(5) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਦੇ ਮੈਂਬਰ-ਸਕੱਤਰ ਦੁਆਰਾ ਆਉਂਦੇ ਵਿੱਤੀ ਸਾਲ ਲਈ ਬੋਰਡ ਦੀ ਸਾਲਾਨਾ ਆਮਦਨ ਅਤੇ ਖ਼ਰਚ ਦਾ ਅਨੁਮਾਨ ਤਿਆਰ ਕਰਵਾਇਆ ਜਾਵੇਗਾ ਅਤੇ ਪ੍ਰਵਾਨਗੀ ਲਈ ਬੋਰਡ ਨੂੰ ਪੇਸ਼ ਕੀਤਾ ਜਾਵੇਗਾ।

(6) ਬੋਰਡ ਦੀ ਆਮਦਨ ਅਤੇ ਖ਼ਰਚ ਦਾ ਸਾਲਾਨਾ ਵਿਵਰਣ ਮੈਂਬਰ-ਸਕੱਤਰ ਦੁਆਰਾ ਤਿਆਰ ਕਰਵਾਇਆ ਜਾਵੇਗਾ ਅਤੇ ਬੋਰਡ ਦੀ ਪ੍ਰਵਾਨਗੀ ਪ੍ਰਾਪਤ ਕਰਨ ਪਿੱਛੋਂ, ਇਸਨੂੰ ਵਿੱਤੀ ਸਾਲ ਦੀ ਸਮਾਪਤੀ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੀ ਮੁੱਦਤ ਦੇ ਅੰਦਰ ਸਰਕਾਰ ਨੂੰ ਭੇਜਿਆ ਜਾਵੇਗਾ।

(7) ਬੋਰਡ ਦੀ ਇੱਕ ਕਾਰਜਕਾਰੀ ਕਮੇਟੀ ਹੋਵੇਗੀ, ਜੋ ਚੇਅਰਮੈਨ ਅਤੇ ਹੇਠ-ਲਿਖੇ ਹੋਰ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:–

| | | |
|---|---|---|
| (i) | ਮੰਤਰੀ, ਲੋਕ ਨਿਰਮਾਣ (ਬੀ. ਅਤੇ ਆਰ.), ਪੰਜਾਬ | : ਚੇਅਰਮੈਨ |
| (ii) | ਮੁੱਖ ਸਕੱਤਰ, ਪੰਜਾਬ ਸਰਕਾਰ | : ਮੈਂਬਰ |
| (iii) | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ | : ਮੈਂਬਰ |
| (iv) | ਪ੍ਰਮੁੱਖ ਸਕੱਤਰ, ਮੁੱਖ ਮੰਤਰੀ, ਪੰਜਾਬ | : ਮੈਂਬਰ |
| (v) | ਸਕੱਤਰ, ਪੰਜਾਬ ਸਰਕਾਰ, ਯੋਜਨਾ ਵਿਭਾਗ | : ਮੈਂਬਰ |
| (vi) | ਸਕੱਤਰ, ਪੰਜਾਬ ਸਰਕਾਰ, ਲੋਕ ਨਿਰਮਾਣ ਵਿਭਾਗ | : ਮੈਂਬਰ-ਸਕੱਤਰ |
| (vii) | ਚੇਅਰਮੈਨ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਬੋਰਡ ਦੇ ਦੋ ਮੈਂਬਰ। | : ਮੈਂਬਰ |

(8) ਕਾਰਜਕਾਰੀ ਕਮੇਟੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਅਜਿਹੇ ਕਾਜਕਾਰ ਨਿਭਾਏਗੀ, ਜੋ ਬੋਰਡ ਦੁਆਰਾ ਇਸਨੂੰ ਸੌਂਪੇ ਜਾ ਸਕਦੇ ਹਨ।

(9) ਬੋਰਡ, ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਅਜਿਹੇ ਕਾਜਕਾਰ ਨਿਭਾਉਣ ਲਈ, ਜਿਵੇਂ ਇਹ ਵਿਨਿਯਮਾਂ ਦੁਆਰਾ ਉਪਬੰਧ ਕਰੇ, ਹੋਰ ਕਮੇਟੀਆਂ ਗਠਤ ਕਰ ਸਕੇਗਾ।

ਬੋਰਡ ਦੀਆਂ ਅਤਿਰਿਕਤ ਸ਼ਕਤੀਆਂ ਅਤੇ ਕਾਜਕਾਰ।

3-ੳ. ਧਾਰਾ 3 ਵਿੱਚ ਜ਼ਿਕਰ ਕੀਤੀਆਂ ਗਈਆਂ ਸ਼ਕਤੀਆਂ ਅਤੇ ਕਰਤੱਵਾਂ ਤੋਂ ਇਲਾਵਾ, ਬੋਰਡ ਹੇਠਾਂ ਜ਼ਿਕਰ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਹੇਠ-ਲਿਖੇ ਕਾਜਕਾਰ ਅਤੇ ਕਰਤੱਵ ਨਿਭਾਏਗਾ:–

(ੳ) ਰਾਜ ਵਿੱਚ ਸੜਕ ਜਾਲ ਅਤੇ ਪੁਲਾਂ ਦੀ ਗੁਣਵੱਤਾ ਵਿੱਚ ਸੁਧਾਰ ਲਈ ਨੀਤੀਆਂ, ਸਕੀਮਾਂ, ਪ੍ਰੋਜੈਕਟਾਂ ਅਤੇ ਪ੍ਰੋਗਰਾਮਾਂ ਨੂੰ ਬਣਾਉਣ ਅਤੇ ਪ੍ਰਤਿਪਾਲਣ ਵਿੱਚ ਸਰਕਾਰ ਨੂੰ ਸਹਾਇਤਾ ਅਤੇ ਸਲਾਹ ਦੇਣਾ;

(ਅ) ਰਾਜ ਵਿੱਚ ਸੜਕਾਂ ਅਤੇ ਪੁਲਾਂ ਦੇ ਵਿਕਾਸ, ਉਸਾਰੀ, ਮੁਰੰਮਤ, ਨਵੀਨੀਕਰਨ, ਪੁਨਰ ਸਥਾਪਨ, ਸੁਧਾਰ, ਪਸਾਰ, ਬਦਲਾਅ, ਪ੍ਰਤਿਸਥਾਪਨ, ਸੰਚਾਲਣ ਅਤੇ ਸਾਂਭ-ਸੰਭਾਲ ਵਿੱਚ ਕਾਰਜਕੁਸ਼ਲਤਾ ਅਤੇ ਲਾਗਤ ਪ੍ਰਭਾਵੀਕਰਨ ਨੂੰ ਬੜ੍ਹਾਵਾ ਦੇਣਾ;

(ੲ) ਵਿਰਾਸਤੀ ਇਮਾਰਤਾਂ ਸਮੇਤ ਆਧਾਰਕ ਬਣਤਰ ਪ੍ਰੋਜੈਕਟਾਂ ਵਿੱਚ ਨਿੱਜੀ ਭਾਗ ਲੈਣ ਅਤੇ ਜਨਤਕ ਨਿੱਜੀ ਭਾਈਵਾਲੀ ਨੂੰ ਬੜ੍ਹਾਵਾ ਦੇਣਾ;

(ਸ) ਆਪਣੇ ਆਪ ਜਾਂ ਸਰਕਾਰ ਦੇ ਨਮਿੱਤ, ਆਧਾਰਕ ਬਣਤਰ ਦੇ ਪ੍ਰੋਜੈਕਟਾਂ, ਜਿਸ ਵਿੱਚ ਵਿਰਾਸਤੀ ਇਮਾਰਤਾਂ ਸ਼ਾਮਲ ਹਨ, ਨੂੰ ਨਿੱਜੀ ਭਾਗ ਲੈਣ ਨਾਲ ਬਣਾਉਣ, ਚਲਾਉਣ ਅਤੇ ਇੰਤਕਾਲ ਦੇ ਆਧਾਰ 'ਤੇ ਜਾਂ ਕਿਸੇ ਹੋਰ ਆਧਾਰ ਤੇ ਆਪਣੇ ਜਿੰਮੇ ਲੈਣਾ, ਜਿਵੇਂ ਧਿਰਾਂ ਵਿਚਕਾਰ ਸਰਕਾਰ ਦੀ ਪ੍ਰਵਾਨਗੀ ਨਾਲ ਕਰਾਰ ਪਾਇਆ ਜਾਵੇ ਅਤੇ ਇਸ ਪ੍ਰਯੋਜਨ ਲਈ ਕੋਈ ਅਧਿਕਾਰ, ਵਿਸ਼ੇਸ਼ ਅਧਿਕਾਰ, ਵਿੱਤੀ ਉਤਸ਼ਾਹ, ਫ਼ਾਇਦੇ, ਪੱਟੇ ਜਾਂ ਰਿਆਇਤਾਂ, ਜਿਹੀ ਕਿ ਸੂਰਤ ਹੋਵੇ, ਇਸ ਸ਼ਰਤ ਦੇ ਤਾਬੇ ਦੇਣਾ ਜਾਂ ਮਨਜ਼ੂਰ ਕਰਨਾ ਕਿ ਅਜਿਹਾ ਅਵਾਰਡ ਜਾਂ ਗ੍ਰਾਂਟ ਪ੍ਰਤੀਯੋਗੀ ਬੋਲੀ ਜਾਂ ਕਿਸੇ ਹੋਰ ਵਿਧੀ ਦੇ ਆਧਾਰ 'ਤੇ ਦਿੱਤੀ ਜਾਵੇਗੀ, ਜਿਸਨੂੰ ਸਰਕਾਰ, ਹੁਕਮ ਦੁਆਰਾ, ਉਲਿਖਤ ਕਰ ਸਕੇਗੀ;

(ਹ) ਰਿਆਇਤਾਂ, ਕਰਜ਼ਿਆਂ ਅਤੇ ਮੁਆਇਦਾਕਾਰੀ ਵਿਵਸਥਾਵਾਂ ਦੇ ਨਿਬੰਧਨ ਅਤੇ ਸ਼ਰਤਾਂ ਤੈਅ ਕਰਨੀਆਂ ਜਿਸ ਵਿੱਚ ਸਾਰੇ ਜ਼ਰੂਰੀ ਦਸਤਾਵੇਜ਼ਾਂ, ਬੋਲੀਆਂ, ਟੈਂਡਰ ਦਸਤਾਵੇਜ਼ਾਂ, ਰਿਆਇਤ ਇਕਰਾਰਨਾਮੇ ਅਤੇ ਹੋਰ ਮੁਆਇਦਿਆਂ ਦੀ ਤਿਆਰੀ ਸ਼ਾਮਲ ਹੈ ਜਿਸ ਵਿੱਚ ਅੰਦਰੂਨੀ ਜਾਂ ਬਾਹਰੀ ਸਲਾਹਕਾਰਾਂ ਦੀ ਸਲਾਹ ਜਾਂ ਸਹਾਇਤਾ ਨਾਲ ਭਿੰਨ-ਭਿੰਨ ਮੁਆਇਦਾ-ਕਾਰੀ ਵਿਵਸਥਾਵਾਂ ਸ਼ਾਮਲ ਹਨ;

(ਕ) ਪੰਜਾਬ ਆਧਾਰਕ ਬਣਤਰ (ਵਿਕਾਸ ਅਤੇ ਵਿਨਿਯਮ) ਐਕਟ, 2002 ਦੀ ਅਨੁਸੂਚੀ II ਵਿੱਚ ਉਲਿਖਤ ਕੀਤੇ ਗਏ ਕਿਸੇ ਵੀ ਮੁਆਇਦੇ ਦੇ ਮਾਡਲਾਂ ਦੇ ਆਧਾਰ 'ਤੇ ਜਾਂ ਕਿਸੇ ਹੋਰ ਆਧਾਰ ਤੇ ਜਿਵੇਂ ਸਰਕਾਰ, ਹੁਕਮ ਦੁਆਰਾ, ਉਲਿਖਤ ਕਰੇ, ਬੋਰਡ ਦੁਆਰਾ ਆਪਣੇ ਆਪ ਜਾਂ ਰਾਜ ਸਰਕਾਰ ਦੇ ਨਮਿੱਤ ਪ੍ਰਾਈਵੇਟ ਭਾਗੀਦਾਰੀ ਸਹਿਤ ਜ਼ਿੰਮੇ ਲਏ ਕਿਸੇ ਵੀ ਆਧਾਰਕ ਬਣਤਰ ਪ੍ਰੋਜੈਕਟਾਂ ਲਈ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਅਰਜਤ ਕਰਨਾ, ਧਾਰਨ ਕਰਨਾ, ਵਿਕਸਤ ਕਰਨਾ ਜਾਂ ਉਸਾਰੀ ਕਰਨਾ ਜਾਂ ਅਜਿਹੀ ਕਿਸੇ ਵੀ ਸੰਪੱਤੀ ਨੂੰ ਲਸੰਸ ਤੇ ਦੇਣਾ, ਪੱਟੇ ਤੇ ਦੇਣਾ, ਵਟਾਂਦਰਾ ਕਰਨਾ, ਵੇਚਣਾ ਜਾਂ ਹੋਰ ਤਰ੍ਹਾਂ ਵਰਤੋਂ ਦੀ ਇਜਾਜ਼ਤ ਦੇਣਾ;

(ਖ) ਸਰਕਾਰ ਦੁਆਰਾ ਇਸ ਨੂੰ ਸੌਂਪੀ ਗਈ ਕਿਸੇ ਵਿਰਾਸਤੀ ਇਮਾਰਤ ਦੀ ਬਹਾਲੀ, ਸੰਭਾਲ, ਰੱਖ-ਰਖਾਅ ਅਤੇ ਸੰਚਾਲਣ ਦਾ ਜ਼ਿੰਮਾ ਲੈਣਾ;

(ਗ) ਇਸ ਐਕਟ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਸਰਕਾਰ ਦੁਆਰਾ ਇਸ ਨੂੰ ਸੌਂਪੇ ਗਏ ਕਿਸੇ ਹੋਰ ਕਾਰਜ ਜਾਂ ਕਾਜਕਾਰ ਦਾ ਜ਼ਿੰਮਾ ਲੈਣਾ; ਅਤੇ

(ਘ) ਕਾਜਕਾਰ ਨਿਭਾਉਣ ਅਤੇ ਅਨੁਸੰਗਕ ਜਾਂ ਪਰਿਣਾਮਕ ਕਾਰਜ ਕਰਨੇ ਜੋ ਇਸ ਐਕਟ ਅਧੀਨ ਕਾਜਕਾਰਾਂ ਅਤੇ ਕਰਤੱਵਾਂ ਦੇ ਨਿਭਾਉਣ ਵਿੱਚ ਅਤੇ ਸ਼ਕਤੀਆਂ ਦੀ ਵਰਤੋਂ ਕਰਨ ਵਿੱਚ ਵਧੇਰੇ ਪ੍ਰਭਾਵਸ਼ਾਲੀ ਹਨ।

ਆਡਿਟ ।

4. ਧਾਰਾ 7 ਦੀ ਉਪ-ਧਾਰਾ (1) ਦੇ ਅਧੀਨ ਗਠਤ ਕੀਤੇ ਗਏ ਫ਼ੰਡ ਦੇ ਲੇਖਿਆਂ ਦਾ ਆਡਿਟ ਸਥਾਨਕ ਫ਼ੰਡ ਪ੍ਰੀਖਿਅਕ, ਪੰਜਾਬ ਦੁਆਰਾ ਕੀਤਾ ਜਾਵੇਗਾ।

ਬੋਰਡ ਦੇ ਅਧਿਕਾਰੀ ਅਤੇ ਕਰਮਚਾਰੀ ।

5. (1) ਬੋਰਡ, ਸਰਕਾਰ ਦੀ ਪ੍ਰਵਾਨਗੀ ਨਾਲ, ਅਜਿਹੀਆਂ ਆਸਾਮੀਆਂ ਸਿਰਜ ਸਕੇਗਾ ਅਤੇ ਉਨ੍ਹਾਂ ਤੇ ਅਜਿਹੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਨਿਯੁਕਤ ਕਰ ਸਕੇਗਾ, ਜਿਵੇਂ ਇਹ ਆਪਣੇ ਕਾਜਕਾਰਾਂ ਨੂੰ ਕਾਰਜਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝਦਾ ਹੈ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ, ਅਤੇ ਉਹਨਾਂ ਦੇ ਕਾਜਕਾਰ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇਂ ਬੋਰਡ ਦੁਆਰਾ ਬਣਾਏ ਗਏ ਵਿਨਿਯਮਾਂ ਦੁਆਰਾ ਵਿਨਿਯਮਤ ਕੀਤਾ ਜਾਵੇ।

ਫ਼ੀਸ ਲਗਾਉਣਾ ਅਤੇ ਉਗਰਾਹੀ ਕਰਨਾ ।

6. (1) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਉਲਟ ਕਿਸੇ ਉਪਬੰਧ ਦੇ ਹੁੰਦਿਆਂ ਹੋਇਆਂ ਵੀ ਅਤੇ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਲਈ ਪੰਜਾਬ ਆਬਕਾਰੀ ਐਕਟ, 1914 ਦੇ ਅਧੀਨ ਲਗਾਉਣਯੋਗ ਮਸੂਲ 'ਤੇ ਅਤੇ ਪੰਜਾਬ ਆਮ ਵਿਕਰੀ ਕਰ ਐਕਟ, 1948 ਅਤੇ ਪੰਜਾਬ ਮੋਟਰ ਗੱਡੀ ਕਰ ਐਕਟ, 1924 ਦੇ ਅਧੀਨ ਲਗਾਉਣਯੋਗ ਕਰਾਂ 'ਤੇ, ਸਰਕਾਰ ਦੁਆਰਾ ਅਧਿਸੂਚਤ ਕੀਤੀ ਜਾਣ ਵਾਲੀ, ਦਸ ਪ੍ਰਤੀਸ਼ਤ ਤੋਂ ਵੱਧ ਨਾ ਹੋਣ ਵਾਲੀ ਦਰ 'ਤੇ ਫ਼ੀਸ ਲਗਾਈ ਜਾਵੇਗੀ।

(2) ਉਪ-ਧਾਰਾ (1) ਦੇ ਅਧੀਨ ਲਗਾਈ ਗਈ ਫ਼ੀਸ, ਸਬੰਧਤ ਵਿਭਾਗ ਦੁਆਰਾ ਮੁਕੱਰਰ ਤਰੀਕੇ ਨਾਲ ਉਗਰਾਹੀ ਜਾਵੇਗੀ।

(3) ਉਪ-ਧਾਰਾ (1) ਅਧੀਨ ਲਗਾਈ ਗਈ ਫ਼ੀਸ ਦੀਆਂ ਵੱਟਕਾਂ, ਸੰਬੰਧਤ ਵਿਭਾਗ ਦੁਆਰਾ ਸਿੱਧੇ ਤੌਰ ਤੇ ਫ਼ੰਡ ਵਿੱਚ ਮੁੰਤਕਿਲ ਕੀਤੀਆਂ ਜਾਣਗੀਆਂ।

(4) ਉਪ-ਧਾਰਾ (1) ਦੇ ਅਧੀਨ ਲਗਾਈ ਗਈ ਫ਼ੀਸ ਦੇ ਬਕਾਏ, ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਹੋਣਗੇ।

ਫ਼ੰਡ ਦਾ ਗਠਨ ।

7. (1) ਪੰਜਾਬ ਸੜਕਾਂ ਅਤੇ ਪੁਲ ਵਿਕਾਸ ਫ਼ੰਡ ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ, ਜੋ ਧਾਰਾ 3 ਦੇ ਅਧੀਨ ਸਥਾਪਤ ਬੋਰਡ ਵਿੱਚ ਨਿਹਿਤ ਹੋਵੇਗਾ।

(2) ਉਪ-ਧਾਰਾ (1) ਅਧੀਨ ਗਠਤ ਫ਼ੰਡ, ਬੋਰਡ ਦੇ ਮੈਂਬਰ-ਸਕੱਤਰ ਦੁਆਰਾ ਬੋਰਡ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਪ੍ਰਸ਼ਾਸਤ ਕੀਤਾ ਜਾਵੇਗਾ। ਫ਼ੰਡ ਵਿੱਚ ਹੇਠ-ਲਿਖੇ ਅੰਸ਼ਦਾਨ ਹੋਣਗੇ, ਅਰਥਾਤ:–

(i) ਧਾਰਾ 6 ਅਧੀਨ ਲਗਾਈ ਅਤੇ ਉਗਰਾਹੀ ਗਈ ਫ਼ੀਸ ਦੀ ਰਕਮ;

(ii) ਰਾਜ ਸਰਕਾਰ ਵੱਲੋਂ ਹਰੇਕ ਸਾਲ ਦਸ ਪ੍ਰਤੀਸ਼ਤ ਦੇ ਸਾਲਾਨਾ ਵਾਧੇ ਨਾਲ ਇੱਕ ਸੌ ਕਰੋੜ ਰੁਪਏ ਦੀ ਸਾਲਾਨਾ ਗ੍ਰਾਂਟ;

(iii) ਪੰਜਾਬ ਲੋਕ ਨਿਰਮਾਣ ਵਿਭਾਗ (ਬੀ ਅਤੇ ਆਰ) ਨੂੰ ਆਪਣੀ ਭੋਂ ਦੇ ਭਿੰਨ-ਭਿੰਨ ਉਪਯੋਗਾਂ ਤੋਂ ਜਾਂ ਉਸ ਭੋਂ ਤੋਂ, ਜੋ ਰਾਜ ਸਰਕਾਰ ਦੁਆਰਾ ਕਿਸੇ ਜਨਤਕ ਪ੍ਰਯੋਜਨ ਲਈ ਇਸ ਨੂੰ ਸੌਂਪੀ ਗਈ ਹੈ, ਤੋਂ ਉਤਪੰਨ ਹੋਈ ਆਮਦਨ;

(iv) ਲੋਕ ਨਿਰਮਾਣ ਵਿਭਾਗ (ਬੀ. ਅਤੇ ਆਰ.) ਦੁਆਰਾ ਉਗਰਾਹੇ ਗਏ ਟੋਲ ਕਰਾਂ ਦੀਆਂ ਸਾਰੀਆਂ ਕਿਸਮਾਂ;

(v) ਪੰਜਾਬ ਪੇਂਡੂ ਵਿਕਾਸ ਬੋਰਡ, ਪੰਜਾਬ ਮੰਡੀ ਬੋਰਡ, ਮਾਰਕਿਟ ਕਮੇਟੀਆਂ, ਨਗਰ ਨਿਗਮਾਂ, ਨਗਰ ਪਰਿਸ਼ਦਾਂ, ਨਗਰ ਪੰਚਾਇਤਾਂ, ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੁਆਰਾ ਜਮ੍ਹਾਂ ਕਰਵਾਏ ਗਏ ਸਾਰੇ ਫ਼ੰਡ;

(vi) ਭਾਰਤ ਸਰਕਾਰ ਤੋਂ ਪ੍ਰਾਪਤ ਸਾਰੇ ਅੰਸ਼ਦਾਨ ਜਿਵੇਂ ਕਿ ਕੇਂਦਰੀ ਸੜਕਾਂ ਫ਼ੰਡ, ਰੇਲਵੇ ਸੁਰੱਖਿਅਤਾ ਫ਼ੰਡ, ਆਰਥਿਕ ਅਤੇ ਅੰਤਰ-ਰਾਜੀ ਮਹੱਤਤਾ ਵਾਲੇ ਪ੍ਰੋਜੈਕਟਾਂ, ਵਿਸ਼ੇਸ਼ ਖੇਤਰ ਸਹਾਇਤਾ ਸਕੀਮ ਜਾਂ ਪੰਜਾਬ ਰਾਜ ਵਿੱਚ ਸੜਕਾਂ ਅਤੇ ਪੁਲਾਂ ਦੀ ਆਧਾਰਕ ਬਣਤਰ ਲਈ ਭਾਰਤ ਸਰਕਾਰ ਵੱਲੋਂ ਪਰਵਾਨ ਕੀਤੀ ਗਈ ਕੋਈ ਹੋਰ ਸਕੀਮ ਲਈ ਸਕੀਮਾਂ ਤੋਂ ਫ਼ੰਡ;

(vii) ਇਸ ਐਕਟ ਦੇ ਅਰੰਭ ਪਿੱਛੋਂ ਸੜਕ ਕਿਨਾਰੇ ਇਸ਼ਤਿਹਾਰਾਂ, ਪੈਟਰੋਲ ਪੰਪਾਂ ਅਤੇ ਤੁਲ ਜਾਣ ਵਾਲੇ ਪੁਲ ਪੱਟਿਆਂ ਜਿਸ ਵਿੱਚ ਕੋਈ ਹੋਰ ਫੁਟਕਲ ਆਮਦਨ ਵੀ ਸ਼ਾਮਲ ਹੈ, ਤੋਂ ਲੋਕ ਨਿਰਮਾਣ ਵਿਭਾਗ (ਬੀ. ਅਤੇ ਆਰ.) ਨੂੰ ਹੋਣ ਵਾਲੀ ਅਤਿਰਿਕਤ ਆਮਦਨ;

(viii) ਦਾਨ ਅਤੇ ਪ੍ਰਾਈਵੇਟ ਅੰਸ਼ਦਾਨ; ਅਤੇ

(ix) ਕੋਈ ਹੋਰ ਫ਼ੰਡ, ਜਿਸਨੂੰ ਰਾਜ ਸਰਕਾਰ ਬਾਅਦ ਵਿੱਚ ਫ਼ੰਡ ਵਿੱਚ ਅੰਸ਼ਦਾਨ ਪਾਉਣ ਦਾ ਫ਼ੈਸਲਾ ਕਰ ਸਕਦੀ ਹੈ।

ਉਹ ਪ੍ਰਯੋਜਨ, ਜਿਨ੍ਹਾਂ ਲਈ ਫ਼ੰਡ ਵਰਤਿਆ ਜਾ ਸਕੇਗਾ।

8. ਫ਼ੰਡ ਨੂੰ ਯੋਜਨਾ ਸੜਕਾਂ 'ਤੇ ਹੇਠ-ਲਿਖੇ ਅਨੁਸਾਰ ਉਲਿਖਤ ਪ੍ਰਯੋਜਨਾਂ ਲਈ ਵਰਤਿਆ ਜਾਵੇਗਾ:–

(i) ਨਵੀਆਂ ਸੜਕਾਂ ਦੀ ਉਸਾਰੀ;

(ii) ਸੁਧਾਰ ਜਿਵੇਂ ਮੌਜੂਦਾ ਸੜਕਾਂ ਨੂੰ ਉੱਚਾ ਕਰਨਾ, ਚੌੜਾ ਕਰਨਾ ਅਤੇ ਮਜ਼ਬੂਤ ਕਰਨਾ;

(iii) ਪੁਰਾਣੇ ਅਤੇ ਅਸੁਰੱਖਿਅਤ ਪੁਲਾਂ ਦਾ ਪ੍ਰਤਿਸਥਾਪਨ;

(iv) ਨਵੇਂ ਪੁਲਾਂ ਦੀ ਉਸਾਰੀ;

(v) ਸੜਕਾਂ ਦੀ ਮੁਰੰਮਤ ਅਤੇ ਸਾਂਭ-ਸੰਭਾਲ;

(v-ੳ) ਬੋਰਡ ਦੇ ਹੋਰ ਫੁਟਕਲ ਖ਼ਰਚ ਅਤੇ ਤਨਖ਼ਾਹ; ਅਤੇ

(vi) ਸੜਕਾਂ ਅਤੇ ਪੁਲਾਂ ਦੇ ਆਧਾਰਕ ਬਣਤਰ ਦੇ ਸੁਧਾਰ ਸਬੰਧੀ ਕੋਈ ਹੋਰ ਪ੍ਰਯੋਜਨ, ਜਿਵੇਂ ਬੋਰਡ ਦੁਆਰਾ ਜ਼ਰੂਰੀ ਵਿਚਾਰਿਆ ਜਾਵੇ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ।

9. ਇਸ ਐਕਟ, ਇਸਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਵਿਨਿਯਮਾਂ ਜਾਂ ਇਸ ਅਧੀਨ ਜਾਰੀ ਕੀਤੇ ਕਿਸੇ ਹੁਕਮ ਦੀ ਅਨੁਸਾਰਤਾ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਸਰਕਾਰ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਬੋਰਡ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

10. (1) ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ,–

(ੳ) ਧਾਰਾ 3 ਦੀ ਉਪ-ਧਾਰਾ (5) ਦੇ ਅਧੀਨ ਸਾਲਾਨਾ ਆਮਦਨ ਅਤੇ ਖਰਚ ਦੇ ਅਨੁਮਾਨ ਦੀ ਮਨਜ਼ੂਰੀ ਲਈ ਤਿਆਰੀ ਅਤੇ ਪੇਸ਼ਕਾਰੀ;

(ਅ) ਉਹ ਤਰੀਕਾ ਜਿਸ ਵਿੱਚ ਧਾਰਾ 6 ਦੀ ਉਪ-ਧਾਰਾ (2) ਅਧੀਨ ਫ਼ੀਸ ਉਗਰਾਹੀ ਜਾਵੇਗੀ; ਅਤੇ

(ੲ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕੇਗਾ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਜਾਂ ਉਕਾਈ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ ।

11. (1) ਬੋਰਡ, ਸਮੇਂ-ਸਮੇਂ ਤੇ, ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ, ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਸੰਗਤ ਨਾ ਹੋਣ ਵਾਲੇ ਵਿਨਿਯਮ ਬਣਾ ਸਕੇਗਾ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ,–

(ੳ) ਬੋਰਡ ਦੀ ਇਕੱਤਰਤਾਵਾਂ ਵਿੱਚ ਕਾਰੋਬਾਰ ਦਾ ਸੰਚਾਲਣ ਕਰਨ;

(ਅ) ਧਾਰਾ 5 ਦੀ ਉਪ-ਧਾਰਾ (2) ਦੇ ਅਧੀਨ ਬੋਰਡ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਸੇਵਾ ਦੀਆਂ ਸ਼ਰਤਾਂ ਅਤੇ ਉਨ੍ਹਾਂ ਦੇ ਕਾਜਕਾਰ ਅਤੇ ਕਰਤੱਵ; ਅਤੇ

(ੲ) ਧਾਰਾ 3 ਦੀ ਉਪ-ਧਾਰਾ (9) ਦੇ ਅਧੀਨ ਗਠਤ ਕੀਤੀਆਂ ਕਮੇਟੀਆਂ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਕਾਜਕਾਰਾਂ ਦੇ ਨਿਭਾਉਣ,

ਲਈ ਉਪਬੰਧ ਕਰ ਸਕਣਗੇ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

12. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਸਰਕਾਰ, ਹੁਕਮ ਦੁਆਰਾ, ਇਸ ਐਕਟ ਦੇ ਕਿਸੇ ਉਪਬੰਧ ਦੇ ਕਿਸੇ ਅਨੁਕੂਲਣ ਜਾਂ ਰੂਪਭੇਦ ਸਮੇਤ ਅਜਿਹਾ ਉਪਬੰਧ ਕਰ ਸਕੇਗੀ, ਜੋ ਉਸ ਕਠਨਾਈ ਨੂੰ ਦੂਰ ਕਰਨ ਲਈ ਸਰਕਾਰ ਨੂੰ ਜ਼ਰੂਰੀ ਜਾਂ ਕਾਲ-ਉਚਿਤ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ, ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

ਨਿਰਸਨ ਅਤੇ ਬਚਾਉ।

13. (1) ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ ਆਰਡੀਨੈਂਸ, 1998 (1998 ਪੰਜਾਬ ਆਰਡੀਨੈਂਸ ਨੰ. 5) ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਦੇ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

**ਬੀ.ਬੀ.ਐੱਸ ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3625/1-2026/Pb. Govt. Press, S.A.S. Nagar*

ਭਾਗ –1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 29 ਜਨਵਰੀ, 2026

**ਨੰ: 11/ਭ.ਕ./2026.–** ਪੰਜਾਬ ਇਮਾਰਤ ਉਪ-ਕਾਨੂੰਨਾਂ ਦੀ ਖ਼ਿਲਾਫ਼ਵਰਜ਼ੀਆਂ ਵਿੱਚ ਉਸਾਰੀਆਂ ਗਈਆਂ ਇਮਾਰਤਾਂ ਦਾ ਇੱਕੋ ਵਾਰੀ ਸਵੈ-ਇੱਛੁਕ ਪ੍ਰਗਟਾਵਾ ਅਤੇ ਨਿਪਟਾਰਾ ਐਕਟ, 2019 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 29th January, 2026

**No.11/L.C./2026.-** The Translation in Punjabi of the Punjab One-time Voluntary Disclosure and Settlement of Building constructed in Violations of the Building Bye-laws Act, 2019 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਇਮਾਰਤ ਉਪ-ਕਾਨੂੰਨਾਂ ਦੀ ਖ਼ਿਲਾਫ਼ਵਰਜ਼ੀਆਂ ਵਿੱਚ ਉਸਾਰੀਆਂ ਗਈਆਂ ਇਮਾਰਤਾਂ ਦਾ ਇੱਕੋ ਵਾਰੀ ਸਵੈ-ਇੱਛੁਕ ਪ੍ਰਗਟਾਵਾ ਅਤੇ ਨਿਪਟਾਰਾ ਐਕਟ, 2019**

**(2019 ਦਾ ਪੰਜਾਬ ਐਕਟ ਨੰ: 6)**

ਨਗਰ ਨਿਗਮਾਂ, ਨਗਰ ਪਰਿਸ਼ਦਾਂ ਅਤੇ ਨਗਰ ਪੰਚਾਇਤਾਂ ਵਿੱਚ ਉਸਾਰੀਆਂ ਗਈਆਂ ਇਮਾਰਤਾਂ ਦੇ ਬਾਰੇ ਰਾਜ਼ੀਨਾਮੇ-ਅਯੋਗ ਇਮਾਰਤੀ ਖ਼ਿਲਾਫ਼ਵਰਜ਼ੀਆਂ ਲਈ ਇੱਕੋ ਵਾਰੀ ਨਿਪਟਾਰਾ ਕਰਨ ਲਈ ਅਤੇ ਇਸ ਨਾਲ ਸਬੰਧਤ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਣ ਬਣੇ:-

1. (1) ਇਸ ਐਕਟ ਨੂੰ ਪੰਜਾਬ ਇਮਾਰਤ ਉਪ-ਕਾਨੂੰਨਾਂ ਦੀ ਖ਼ਿਲਾਫ਼ਵਰਜ਼ੀਆਂ ਵਿੱਚ ਉਸਾਰੀਆਂ ਗਈਆਂ ਇਮਾਰਤਾਂ ਦਾ ਇੱਕੋ ਵਾਰੀ ਸਵੈ-ਇੱਛੁਕ ਪ੍ਰਗਟਾਵਾ ਅਤੇ ਨਿਪਟਾਰਾ ਐਕਟ, 2019 ਕਿਹਾ ਜਾ ਸਕੇਗਾ। ਸੰਖੇਪ ਨਾਂ, ਲਾਗੂ ਹੋਣਾ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

(3) ਇਹ ਐਕਟ ਪੰਜਾਬ ਰਾਜ ਵਿੱਚ ਨਗਰਪਾਲਕ ਨਿਗਮਾਂ, ਨਗਰਪਾਲਕ ਪਰਿਸ਼ਦਾਂ, ਨਗਰ ਪੰਚਾਇਤਾਂ ਅਤੇ ਨਗਰ ਸੁਧਾਰ ਟਰੱਸਟਾਂ ਦੀ ਅਧਿਕਾਰਤਾ ਅਧੀਨ ਆਉਣ ਵਾਲੇ ਖੇਤਰਾਂ ਵਿੱਚ ਲਾਗੂ ਹੋਵੇਗਾ।

(4) ਇਹ ਆਪਣੇ ਅਰੰਭ ਹੋਣ ਦੀ ਤਰੀਕ ਤੋਂ, ਸਿਵਾਏ ਅਜਿਹੀ ਸਮਾਪਤੀ ਤੋਂ ਪਹਿਲਾਂ ਕੀਤੇ ਗਏ ਜਾਂ ਲੋਪ ਕੀਤੇ ਜਾਣ ਵਾਲੇ ਕੰਮਾਂ ਦੇ ਸਬੰਧ ਵਿੱਚ, ਇੱਕ ਸਾਲ ਦੇ ਗੁਜ਼ਰਣ ਤੇ ਅਮਲ ਵਿੱਚ ਨਹੀਂ ਰਹੇਗਾ ਅਤੇ ਅਜਿਹੀ ਸਮਾਪਤੀ ਤੇ ਪੰਜਾਬ ਸਾਧਾਰਣ ਖੰਡ ਐਕਟ, 1898 ਦੀ ਧਾਰਾ 4 ਲਾਗੂ ਹੋਵੇਗੀ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਦਰਖ਼ਾਸਤਕਾਰ" ਦਾ ਮਤਲਬ ਹੈ ਕੋਈ ਵਿਅਕਤੀ ਜੋ ਇਸ ਐਕਟ ਦੇ ਅਧੀਨ ਰਾਜ਼ੀਨਾਮੇ ਅਯੋਗ ਖ਼ਿਲਾਫ਼ਵਰਜ਼ੀਆਂ ਦੇ ਰਾਜ਼ੀਨਾਮੇ ਲਈ ਦਰਖ਼ਾਸਤ ਦਿੰਦਾ ਹੈ;

(ਅ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਨਿਯੁਕਤ ਕੀਤੀ ਅਥਾਰਟੀ;

(ੲ) "ਰਾਜ਼ੀਨਾਮੇ-ਅਯੋਗ ਖ਼ਿਲਾਫ਼ਵਰਜ਼ੀ" ਦਾ ਮਤਲਬ ਹੈ ਮਨਜ਼ੂਰ ਹੋਈ ਯੋਜਨਾ ਦੀ ਉਲੰਘਣਾ ਕਰਕੇ ਜਾਂ ਸ਼ਕਤਵਾਨ ਅਥਾਰਟੀ ਤੋਂ ਯੋਜਨਾ ਦੀ ਮਨਜ਼ੂਰੀ ਲਏ ਬਿਨਾਂ ਕੀਤੀ ਗਈ ਉਸਾਰੀ ਜਿਸ ਦਾ ਪੂਰਾ ਜਾਂ ਕੁਝ ਹਿੱਸਾ ਪੰਜਾਬ ਨਗਰਪਾਲਕ ਨਿਗਮ ਐਕਟ, 1976, ਪੰਜਾਬ ਨਗਰਪਾਲਕ ਐਕਟ, 1911 ਅਤੇ ਪੰਜਾਬ ਨਗਰ ਸੁਧਾਰ ਐਕਟ, 1922 ਦੇ ਉਪਬੰਧਾਂ ਅਧੀਨ ਰਾਜ਼ੀਨਾਮੇ-ਅਯੋਗ ਹੈ;

(ਸ) "ਇੱਕੋ ਵਾਰੀ ਨਿਪਟਾਰਾ" ਦਾ ਮਤਲਬ ਹੈ ਇਸ ਐਕਟ ਦੇ ਉਪਬੰਧਾਂ ਦੇ ਤਾਬੇ ਰਾਜ਼ੀਨਾਮੇ-ਅਯੋਗ ਇਮਾਰਤ ਖ਼ਿਲਾਫ਼ਵਰਜ਼ੀਆਂ ਦਾ ਇੱਕੋ ਵਾਰ ਪ੍ਰਗਟਾਵਾ ਅਤੇ ਨਿਪਟਾਰਾ;

(ਹ) "ਜਨਤਕ ਭੋਂ" ਦਾ ਮਤਲਬ ਹੈ ਕੇਂਦਰੀ ਜਾਂ ਰਾਜ ਸਰਕਾਰ ਦੁਆਰਾ ਮਲਕੀਅਤ ਵਾਲੀ, ਕੇਂਦਰੀ ਜਾਂ ਰਾਜ ਸਰਕਾਰ ਦੁਆਰਾ ਮਲਕੀਅਤ ਵਾਲੇ ਬੋਰਡ, ਨਿਗਮ, ਟ੍ਰੱਸਟ, ਕਿਸੇ ਕਾਨੂੰਨ ਅਧੀਨ ਗਠਤ ਕੀਤੇ ਜਨਤਕ ਖੇਤਰ ਦੇ ਅਦਾਰੇ ਅਤੇ ਸਥਾਨਕ ਅਥਾਰਟੀਆਂ ਦੀ ਮਲਕੀਅਤ ਵਾਲੀ ਭੋਂ;

(ਕ) "ਸਕੀਮ ਖੇਤਰ" ਦਾ ਮਤਲਬ ਹੈ ਨਗਰ ਯੋਜਨਾ ਜਾਂ ਇਮਾਰਤ ਸਕੀਮਾਂ, ਟ੍ਰੱਸਟ ਸੁਧਾਰ ਸਕੀਮਾਂ, ਸ਼ਹਿਰੀ ਸੰਪਦਾ, ਉਦਯੋਗਿਕ ਫੋਕਲ ਪੁਆਇੰਟ ਜਾਂ ਕਿਸੇ ਹੋਰ ਕਾਨੂੰਨ ਅਧੀਨ ਬਣਾਈਆਂ ਗਈਆਂ ਸਕੀਮਾਂ; ਅਤੇ

(ਖ) ਇਸ ਐਕਟ ਵਿੱਚ ਜਿਨ੍ਹਾਂ ਸਾਰੇ ਹੋਰ ਪਦਾਂ ਦੀ ਵਰਤੋਂ ਕੀਤੀ ਗਈ ਹੈ ਪਰੰਤੂ ਪਰਿਭਾਸ਼ਤ ਨਹੀਂ ਕੀਤਾ ਗਿਆ ਉਹਨਾਂ ਦੇ ਕ੍ਰਮਵਾਰ ਮਤਲਬ

ਹੋਣਗੇ ਜੋ ਉਨ੍ਹਾਂ ਨੂੰ ਪੰਜਾਬ ਨਗਰਪਾਲਕ ਐਕਟ, 1911, ਪੰਜਾਬ ਨਗਰਪਾਲਕ ਨਿਗਮ ਐਕਟ, 1976 ਜਾਂ ਉਨ੍ਹਾਂ ਅਧੀਨ ਜਾਂ ਪੰਜਾਬ ਨਗਰ ਸੁਧਾਰ ਐਕਟ, 1922 ਅਧੀਨ ਨਗਰਪਾਲਕ ਇਮਾਰਤ ਉਪ-ਕਾਨੂੰਨ ਜਾਂ ਪੰਜਾਬ ਨਗਰ ਸੁਧਾਰ ਐਕਟ, 1922 ਅਧੀਨ ਬਣਾਈ ਸਕੀਮ ਨਾਲ ਲੱਗੇ ਖੰਡਾਂ ਦੀ ਅਨੁਸੂਚੀ ਵਿੱਚ ਦਿੱਤੇ ਗਏ ਹਨ।

3. ਸ਼ਕਤਵਾਨ ਅਥਾਰਟੀ- ਸ਼ਕਤਵਾਨ ਅਥਾਰਟੀ।

(ੳ) ਨਗਰ ਨਿਗਮ ਦੇ ਮਾਮਲੇ ਵਿੱਚ, ਇਮਾਰਤਾਂ ਦੀਆਂ ਸਾਰੀਆਂ ਸ਼੍ਰੇਣੀਆਂ ਲਈ, ਸਬੰਧਤ ਨਗਰਪਾਲਕ ਨਿਗਮ ਦਾ ਕਮਿਸ਼ਨਰ ਹੋਵੇਗਾ;

(ਅ) ਨਗਰਪਾਲਕ ਪਰਿਸ਼ਦ ਜਾਂ ਨਗਰ ਪੰਚਾਇਤ ਜਾਂ ਸੁਧਾਰ ਟ੍ਰੱਸਟ ਦੇ ਮਾਮਲੇ ਵਿੱਚ;

(i) ਰਿਹਾਇਸ਼ੀ ਇਮਾਰਤਾਂ ਲਈ;

(ii) 500 ਵਰਗ ਗਜ਼ ਦੇ ਪਲਾਟ ਖੇਤਰ ਤੱਕ ਗੈਰ-ਰਿਹਾਇਸ਼ੀ ਇਮਾਰਤਾਂ ਲਈ ਸਬੰਧਤ ਕਾਰਜਕਾਰੀ ਅਧਿਕਾਰੀ ਹੋਵੇਗਾ; ਅਤੇ

(iii) ਨਗਰਪਾਲਕ ਪਰਿਸ਼ਦ ਜਾਂ ਨਗਰ ਪੰਚਾਇਤ ਜਾਂ ਸੁਧਾਰ ਟ੍ਰੱਸਟ ਦੇ ਮਾਮਲੇ ਵਿੱਚ 500 ਵਰਗ ਗਜ਼ ਤੋਂ ਵੱਧ ਪਲਾਟ ਖੇਤਰ ਦੀ ਗੈਰ-ਰਿਹਾਇਸ਼ੀ ਇਮਾਰਤਾਂ ਲਈ, ਸਬੰਧਤ ਖੇਤਰੀ ਉਪ-ਡਾਇਰੈਕਟਰ, ਸ਼ਹਿਰੀ ਸਥਾਨਕ ਸੰਸਥਾਵਾਂ, ਹੋਵੇਗਾ।

4. (1) ਇਸ ਐਕਟ ਦੇ ਨਾਫ਼ਜ਼ ਹੋਣ ਦੀ ਤਰੀਕ ਤੋਂ ਤਿੰਨ ਮਹੀਨੇ ਦੀ ਮੁੱਦਤ ਅੰਦਰ, ਇਮਾਰਤ ਦਾ ਕੋਈ ਮਾਲਕ, ਜਿਸ ਨੇ ਇਮਾਰਤ ਦੀ ਉਸਾਰੀ ਕਰਦੇ ਸਮੇਂ ਕੋਈ ਰਾਜ਼ੀਨਾਮੇ-ਅਯੋਗ ਇਮਾਰਤ ਖ਼ਿਲਾਫ਼ਵਰਜ਼ੀ ਕੀਤੀ ਹੋਵੇ, ਤਾਂ ਉਹ ਅਜਿਹੀ ਖਿਲਾਫ਼ਵਰਜ਼ੀ ਨੂੰ ਆਪਣੀ ਸਵੈ-ਇੱਛਾ ਨਾਲ ਪ੍ਰਗਟ ਕਰ ਸਕਦਾ ਹੈ ਅਤੇ ਮਾਲਕ ਦੁਆਰਾ ਪੂਰੀ ਤਰ੍ਹਾਂ ਦਸਤਖ਼ਤ ਕੀਤੇ ਉਲਿਖਤ ਫਾਰਮ ਵਿੱਚ ਅਜਿਹੀ ਇਮਾਰਤ ਦੀਆਂ ਫੋਟੋਆਂ ਸਮੇਤ ਸਬੰਧਤ ਸ਼ਕਤਵਾਨ ਅਥਾਰਟੀ ਨੂੰ ਆਨਲਾਈਨ ਦਰਖ਼ਾਸਤ ਦੇ ਸਕਦਾ ਹੈ। ਦਰਖ਼ਾਸਤ ਦੇਣ ਦਾ ਤਰੀਕਾ।

(2) ਇਸ ਤੋਂ ਬਾਅਦ ਦੋ ਮਹੀਨੇ ਦੀ ਮੁੱਦਤ ਦੇ ਅੰਦਰ, ਦਰਖ਼ਾਸਤਕਾਰ ਸਾਰੇ ਲੋੜੀਂਦੇ ਦਸਤਾਵੇਜ਼ਾਂ/ਯੋਜਨਾਵਾਂ ਅਤੇ ਮੁਕੱਰਰ ਅਰਜ਼ੀ ਫ਼ੀਸ ਦੇ ਨਾਲ ਉਲਿਖਤ ਫਾਰਮ ਵਿੱਚ ਲੋੜੀਂਦੀ ਜਾਣਕਾਰੀ ਜਮ੍ਹਾਂ ਕਰਵਾਏਗਾ।

5. (1) (ੳ) ਰਿਹਾਇਸ਼ੀ ਪਲਾਟ ਵਾਲੀ ਇਮਾਰਤ ਵਿੱਚ ਰਾਜ਼ੀਨਾਮੇ-ਅਯੋਗ ਇਮਾਰਤ ਖ਼ਿਲਾਫ਼ਵਰਜ਼ੀਆਂ.- ਧਾਰਾ 4 ਦੀ ਉਪ-ਧਾਰਾ (1) ਅਧੀਨ ਸਵੈ-ਇੱਛਾ ਨਾਲ ਪ੍ਰਗਟ ਕੀਤੀਆਂ ਗਈਆਂ ਰਿਹਾਇਸ਼ੀ ਪਲਾਟ ਵਾਲੀਆਂ ਇਮਾਰਤਾਂ ਵਿੱਚ ਇੱਕੋ ਸਮੇਂ ਨਿਪਟਾਰਾ।

ਰਾਜ਼ੀਨਾਮੇ-ਅਯੋਗ ਇਮਾਰਤ ਖ਼ਿਲਾਫ਼ਵਰਜ਼ੀਆਂ ਦਾ ਨਿਪਟਾਰਾ ਸ਼ਕਤਵਾਨ ਅਥਾਰਟੀ ਦੁਆਰਾ ਮੌਕੇ ਤੇ ਤਸਦੀਕ ਕਰਨ ਤੋਂ ਬਾਅਦ ਜਿਵੇਂ ਹੈ, ਜਿੱਥੇ ਹੈ, ਦੇ ਆਧਾਰ 'ਤੇ, 50'-0" ਦੀ ਵੱਧ ਤੋਂ ਵੱਧ ਉਚਾਈ ਦੇ ਤਾਬੇ, ਹੇਠ-ਲਿਖੀ ਰਾਜ਼ੀਨਾਮਾ ਫ਼ੀਸ ਵਸੂਲ ਕਰਕੇ ਇੱਕੋ ਵਾਰ ਦੇ ਉਪਾਅ ਵਜੋਂ ਕੀਤਾ ਜਾਵੇਗਾ:-

| ਲੜੀ ਨੰ: | ਸਥਾਨਕ ਸ਼ਹਿਰੀ ਬੌਡੀਆਂ | ਰਾਜ਼ੀਨਾਮਾ ਫ਼ੀਸ |
|---|---|---|
| 1. | ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀ ਨਗਰ ਨਿਗਮ ਅਤੇ ਸੁਧਾਰ ਟ੍ਰੱਸਟਾਂ ਦੇ ਮਾਮਲੇ ਵਿੱਚ। | ਸਾਰੀਆਂ ਮੰਜਿਲਾਂ ਤੇ ਕੁੱਲ ਰਾਜ਼ੀਨਾਮੇ-ਅਯੋਗ ਖੇਤਰ ਦਾ 300/- ਰੁਪਏ ਪ੍ਰਤੀ ਵਰਗ ਫੁੱਟ। |
| 2. | ਬਾਕੀ ਬਚੀਆਂ ਨਗਰ ਨਿਗਮਾਂ ਅਤੇ ਸੁਧਾਰ ਟ੍ਰੱਸਟਾਂ ਅਤੇ ਸਾਰੀਆਂ ਨਗਰਪਾਲਕ ਪਰਿਸ਼ਦਾਂ ਜਾਂ ਨਗਰ ਪੰਚਾਇਤਾਂ ਦੇ ਮਾਮਲੇ ਵਿੱਚ। | ਸਾਰੀਆਂ ਮੰਜਿਲਾਂ ਤੇ ਕੁੱਲ ਰਾਜ਼ੀਨਾਮੇ-ਅਯੋਗ ਖੇਤਰ ਦਾ 200/-ਰੁਪਏ ਪ੍ਰਤੀ ਵਰਗ ਫੁੱਟ। |
| 3. | ਉਪਰੋਕਤ ਚਾਰਜਿਜ਼ ਇਜਾਜ਼ਤੀ ਮੰਜਿਲ ਖੇਤਰ ਅਨੁਪਾਤ ਦੇ ਵੱਧ ਤੋਂ ਵੱਧ 50% ਤੋਂ ਵੱਧ ਲਈ ਹਨ। 50% ਤੋਂ ਇਲਾਵਾ ਵੱਧ ਮੰਜਿਲ ਖੇਤਰ ਅਨੁਪਾਤ (ਵੱਧ ਤੋਂ ਵੱਧ 75% ਤੱਕ), ਉਪਰੋਕਤ ਚਾਰਜਿਜ਼ ਦਾ ਦੁੱਗਣਾ ਲਾਗੂ ਹੋਵੇਗਾ। | |

ਨੋਟ:-

(i) ਸਕੀਮ ਖੇਤਰਾਂ ਦੇ ਮਾਮਲੇ ਵਿੱਚ ਘਰ ਦੇ ਅੱਗੇ ਵਾਲੀ ਲਾਈਨ ਦਾ ਰਾਜ਼ੀਨਾਮਾ ਨਹੀਂ ਹੋਵੇਗਾ।

(ii) ਹੋਰ ਮਾਮਲਿਆਂ ਵਿੱਚ ਜਿੱਥੇ ਘਰ ਦੇ ਅੱਗੇ ਵਾਲੀ ਲਾਈਨ ਦਾ ਰਾਜ਼ੀਨਾਮਾ ਕੀਤਾ ਗਿਆ ਹੋਵੇ, ਜੇ ਕਿਸੇ ਵੀ ਸਮੇਂ ਇਸ ਤਰ੍ਹਾਂ ਰਾਜ਼ੀਨਾਮਾ ਕੀਤੀ, ਮੂਹਰਲੇ ਸੈਟਬੈਕ ਦਾ ਕੋਈ ਹਿੱਸਾ, ਕਿਸੇ ਸਥਾਨਕ ਸ਼ਹਿਰੀ ਬੌਡੀਆਂ ਦੁਆਰਾ ਸੜਕ ਚੌੜੀ ਕਰਨ ਜਾਂ ਕਿਸੇ ਹੋਰ ਆਧਾਰਕ ਬਣਤਰ ਬਣਾਉਣ ਲਈ ਲੋੜੀਂਦਾ ਹੈ, ਤਾਂ ਉਸ ਨਿਰਮਾਣ ਲਈ ਮਾਲਕ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ।

(ਅ) ਇੱਕ ਗੈਰ-ਰਿਹਾਇਸ਼ੀ ਇਮਾਰਤ ਵਿੱਚ ਰਾਜ਼ੀਨਾਮੇ-ਅਯੋਗ ਇਮਾਰਤ ਖ਼ਿਲਾਫ਼ਵਰਜ਼ੀਆਂ.-

ਧਾਰਾ 4 ਦੀ ਉਪ-ਧਾਰਾ (1) ਅਧੀਨ ਸਵੈ-ਇੱਛਾ ਨਾਲ ਪ੍ਰਗਟ ਕੀਤੀਆਂ ਗਈਆਂ ਗੈਰ-ਰਿਹਾਇਸ਼ੀ ਇਮਾਰਤਾਂ ਵਿੱਚ ਰਾਜ਼ੀਨਾਮੇ-ਅਯੋਗ ਇਮਾਰਤ ਖਿਲਾਫ਼ਵਰਜ਼ੀਆਂ ਦਾ ਨਿਪਟਾਰਾ ਸ਼ਕਤਵਾਨ ਅਥਾਰਟੀ ਦੁਆਰਾ, ਜਿਵੇਂ ਹੈ, ਜਿੱਥੇ ਹੈ, ਦੇ ਆਧਾਰ ਤੇ (ਸਿਵਾਏ ਲਾਜ਼ਮੀ ਅੱਗ ਸੁਰੱਖਿਅਤਾ ਅਤੇ ਪਾਰਕਿੰਗ ਦੀ ਜ਼ਰੂਰਤ ਜਿਵੇਂ ਕਿ ਨਗਰਪਾਲਕ ਇਮਾਰਤ ਉਪ-ਕਾਨੂੰਨ, 2018 ਦੀ ਅਨੁਸੂਚੀ I ਵਿੱਚ ਜ਼ਿਕਰ ਕੀਤਾ ਗਿਆ ਹੈ ਅਤੇ ਜਨਤਕ ਸੁਰੱਖਿਅਤਾ/ਸੁਰੱਖਿਆ ਅਤੇ ਜਨਤਕ ਸੁਵਿਧਾ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ), ਮੌਕੇ ਤੇ ਤਸਦੀਕ ਕਰਨ ਤੋਂ ਬਾਅਦ, ਹੇਠ-ਲਿਖੀ ਰਾਜ਼ੀਨਾਮਾ ਫ਼ੀਸ ਵਸੂਲ ਕਰਕੇ ਇੱਕੋ ਵਾਰ ਦੇ ਉਪਰਾਲੇ ਵਜੋਂ ਕੀਤਾ ਜਾਵੇਗਾ, ਅਰਥਾਤ:-

| ਲੜੀ ਨੰ: | ਸਥਾਨਕ ਸ਼ਹਿਰੀ ਬੌਡੀਆਂ | ਰਾਜ਼ੀਨਾਮਾ ਫ਼ੀਸ |
|---|---|---|
| 1. | ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀ ਨਗਰ ਨਿਗਮ ਅਤੇ ਸੁਧਾਰ ਟ੍ਰੱਸਟਾਂ ਦੇ ਮਾਮਲੇ ਵਿੱਚ। | ਸਾਰੀਆਂ ਮੰਜਿਲਾਂ ਤੇ ਕੁੱਲ ਰਾਜ਼ੀਨਾਮੇ-ਅਯੋਗ ਖੇਤਰ ਦਾ 1000/- ਰੁਪਏ ਪ੍ਰਤੀ ਵਰਗ ਫੁੱਟ। |
| 2. | ਬਾਕੀ ਬਚੀਆਂ ਨਗਰ ਨਿਗਮਾਂ ਅਤੇ ਸੁਧਾਰ ਟ੍ਰੱਸਟਾਂ ਅਤੇ ਸਾਰੀਆਂ ਨਗਰਪਾਲਕ ਪਰਿਸ਼ਦਾਂ ਜਾਂ ਨਗਰ ਪੰਚਾਇਤਾਂ ਦੇ ਮਾਮਲੇ ਵਿੱਚ। | ਸਾਰੀਆਂ ਮੰਜਿਲਾਂ ਤੇ ਕੁੱਲ ਰਾਜ਼ੀਨਾਮੇ-ਅਯੋਗ ਖੇਤਰ ਦਾ 600/-ਰੁਪਏ ਪ੍ਰਤੀ ਵਰਗ ਫੁੱਟ। |
| 3. | ਸੰਸਥਾਗਤ ਇਮਾਰਤਾਂ ਦੇ ਮਾਮਲੇ ਵਿੱਚ ਰਾਜ਼ੀਨਾਮਾ ਫ਼ੀਸ ਉਪਰੋਕਤ ਚਾਰਜਿਜ਼ ਦਾ 75% ਅਤੇ ਉਦਯੋਗਿਕ/ਧਾਰਮਿਕ ਇਮਾਰਤਾਂ ਲਈ ਉਪਰੋਕਤ ਚਾਰਜਿਜ਼ ਦਾ 40% ਹੋਵੇਗੀ। | |
| 4. | ਉਪਰੋਕਤ ਚਾਰਜਿਜ਼ ਇਜਾਜ਼ਤੀ ਮੰਜਿਲ ਖੇਤਰ ਅਨੁਪਾਤ ਦੇ ਵੱਧ ਤੋਂ ਵੱਧ 50% ਤੋਂ ਵੱਧ ਲਈ ਹਨ। 50% ਤੋਂ ਇਲਾਵਾ ਅਤੇ ਵੱਧ ਮੰਜਿਲ ਖੇਤਰ ਅਨੁਪਾਤ (ਵੱਧ ਤੋਂ ਵੱਧ 75% ਤੱਕ), ਉਪਰੋਕਤ ਚਾਰਜਿਜ਼ ਦਾ ਦੁੱਗਣਾ ਲਾਗੂ ਹੋਵੇਗਾ। | |

ਨੋਟ:- ਜੇ ਕਿਸੇ ਸਮੇਂ ਇਸ ਤਰ੍ਹਾਂ ਰਾਜ਼ੀਨਾਮਾ ਹੋਏ ਮੂਹਰਲੇ ਸੈਟਬੈਕ ਦਾ ਕੋਈ ਹਿੱਸਾ, ਸਥਾਨਕ ਸ਼ਹਿਰੀ ਬੌਡੀਆਂ ਦੁਆਰਾ ਸੜਕ ਚੌੜੀ ਕਰਨ ਜਾਂ ਕਿਸੇ ਹੋਰ ਆਧਾਰਕ ਬਣਤਰ ਬਣਾਉਣ ਲਈ ਲੋੜੀਂਦਾ ਹੈ ਤਾਂ ਉਸ ਨਿਰਮਾਣ ਲਈ ਮਾਲਕ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ।

(ੲ) ਜੇ ਕਿਸੇ ਭੋਂ ਦੀ ਵਰਤੋਂ ਬਦਲੇ ਬਿਨਾਂ ਥਾਂ ਤੇ ਇਮਾਰਤ ਉਸਾਰੀ ਗਈ ਹੈ, ਤਾਂ ਇਮਾਰਤ ਦਾ ਰਾਜ਼ੀਨਾਮਾ ਕਰਨ ਤੋਂ ਪਹਿਲਾਂ, ਭੋਂ ਦੀ ਵਰਤੋਂ ਵਿੱਚ ਬਦਲਾਅ ਦੇ ਚਾਰਜਿਜ਼ ਮੌਜੂਦਾ ਲਾਗੂ ਦਰਾਂ ਅਨੁਸਾਰ, ਜਿਵੇਂ ਸਮੇਂ-ਸਮੇਂ ਤੇ ਸੋਧੇ ਹੋਣ, ਜਮ੍ਹਾਂ ਕੀਤੇ ਜਾਣੇ ਹਨ।

(ਸ) ਇਸ ਐਕਟ ਅਧੀਨ ਇਕੱਠੀ ਕੀਤੀ ਫ਼ੀਸ ਸ਼ਹਿਰੀ ਸਥਾਨਕ ਬੌਡੀਆਂ ਦੁਆਰਾ ਇੱਕ ਵੱਖਰੇ ਐਸਕਰੋਅ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਇਕੱਠੀ ਕੀਤੀ ਗਈ ਫ਼ੀਸ ਸਿਰਫ਼ ਪਾਰਕਿੰਗ ਅਤੇ ਸਿਰਫ਼ ਆਧਾਰਕ ਬਣਤਰ ਨੂੰ ਬਣਾਉਣ/ਉੱਨਤ ਕਰਨ ਲਈ ਵਰਤੀ ਜਾਵੇਗੀ।

(2) ਦਰਖ਼ਾਸਤਕਾਰ ਨੂੰ ਧਾਰਾ 4 ਦੀ ਉਪ-ਧਾਰਾ (2) ਵਿੱਚ ਉਲਿਖਤ ਫਾਰਮ ਵਿੱਚ ਵੇਰਵੇ ਜਮ੍ਹਾਂ ਕਰਵਾਉਣ ਦੀ ਤਰੀਕ ਤੋਂ ਦੋ ਮਹੀਨਿਆਂ ਦੇ ਅੰਦਰ ਅੱਗ ਸੁਰੱਖਿਅਤਾ ਅਤੇ ਪਾਰਕਿੰਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਜੇ ਲੋੜੀਂਦੇ ਹੋਣ, ਇਮਾਰਤ ਵਿੱਚ ਢਾਂਚਾਗਤ ਬਦਲਾਅ ਕਰਨੇ ਪੈਣਗੇ ਅਤੇ ਹੋਰ ਵਿਭਾਗਾਂ ਤੋਂ ਜ਼ਰੂਰੀ ਨਿਕਾਸੀਆਂ, ਜੇ ਲੋੜੀਂਦੀਆਂ ਹੋਣ, ਰਚਨਾਤਮਕ ਇੰਜੀਨੀਅਰ ਤੋਂ ਇੱਕ ਸਰਟੀਫਿਕੇਟ ਨਾਲ ਕਿ ਇਮਾਰਤ ਭਾਰਤੀ ਬਿਊਰੋ ਸਟੈਂਡਰਡ ਦੇ ਮਾਪਾਂ ਅਨੁਸਾਰ ਢਾਂਚਾਗਤ ਸੁਰੱਖਿਅਤਾ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ, ਵੀ ਜਮ੍ਹਾਂ ਕਰਵਾਏਗਾ।

(3) ਦਰਖ਼ਾਸਤ ਦੇਣ ਵਾਲੇ ਦਰਖ਼ਾਸਤਕਾਰ ਨੂੰ-

(i) ਇੱਕ ਬੇਸਮੈਂਟ ਜਾਂ 15 ਮੀਟਰ ਤੱਕ ਦੀ ਉਚਾਈ ਵਾਲੀ ਰਿਹਾਇਸ਼ੀ ਇਮਾਰਤ ਦੇ ਰਾਜ਼ੀਨਾਮੇ ਲਈ ਰਚਨਾਤਮਕ ਇੰਜੀਨੀਅਰ ਤੋਂ ਰਚਨਾਤਮਕ ਸੁਰੱਖਿਆ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਲੋੜੀਂਦਾ ਹੋਵੇਗਾ;

(ii) ਇੱਕ ਬੇਸਮੈਂਟ ਜਾਂ 15 ਮੀਟਰ ਤੱਕ ਦੀ ਉਚਾਈ ਵਾਲੀ ਗੈਰ-ਰਿਹਾਇਸ਼ੀ ਇਮਾਰਤ ਦੇ ਰਾਜ਼ੀਨਾਮੇ ਲਈ ਹੇਠ-ਲਿਖੀਆਂ ਸੰਸਥਾਵਾਂ ਵਿੱਚੋਂ ਕਿਸੇ ਇੱਕ ਤੋਂ ਰਚਨਾਤਮਕ

ਸੁਰੱਖਿਅਤਾ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਲੋੜੀਂਦਾ ਹੋਵੇਗਾ:–

(ੳ) ਭਾਰਤੀ ਤਕਨਾਲੋਜੀ ਸੰਸਥਾ;

(ਅ) ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਤਕਨਾਲੋਜੀ ਸੰਸਥਾ, ਜਲੰਧਰ;

(ੲ) ਪੰਜਾਬ ਇੰਜੀਨੀਅਰਿੰਗ ਕਾਲਜ (ਪੀ.ਈ.ਸੀ.), ਚੰਡੀਗੜ੍ਹ;

(ਸ) ਥਾਪਰ ਯੂਨੀਵਰਸਿਟੀ, ਪਟਿਆਲਾ;

(ਹ) ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ; ਅਤੇ

(ਕ) ਗਿਆਨੀ ਜੈਲ ਸਿੰਘ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਬਠਿੰਡਾ; ਅਤੇ

(iii) ਅਨੇਕ ਬੇਸਮੈਂਟ ਜਾਂ 15 ਮੀਟਰ ਤੋਂ ਵੱਧ ਉਚਾਈ ਵਾਲੀਆਂ ਇਮਾਰਤਾਂ ਦੇ ਰਾਜ਼ੀਨਾਮੇ ਲਈ ਭਾਰਤੀ ਤਕਨਾਲੋਜੀ ਸੰਸਥਾ ਤੋਂ ਪ੍ਰਾਪਤ ਕੀਤਾ ਰਚਨਾਤਮਕ ਸੁਰੱਖਿਅਤਾ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਪਵੇਗਾ।

(4) ਪਾਰਕਿੰਗ ਲੋੜਾਂ ਦੀ ਖ਼ਿਲਾਫ਼ਵਰਜ਼ੀ ਲਈ, ਸ਼ਕਤਵਾਨ ਅਥਾਰਟੀ, ਜੇ, ਉਚਿਤ ਸਮਝੇ, ਤਾਂ ਦਰਖ਼ਾਸਤਕਾਰ ਜਾਂ ਦਰਖ਼ਾਸਤਕਾਰਾਂ ਦੇ ਸਮੂਹ ਦੀ ਬੇਨਤੀ 'ਤੇ ਵਿਅਕਤੀਗਤ ਜਾਂ ਸਮੂਹਿਕ ਤੌਰ 'ਤੇ, ਨੇੜੇ-ਤੇੜੇ ਦੇ ਖੇਤਰ ਵਿੱਚ ਵਿਚਾਰ ਅਧੀਨ ਇਮਾਰਤ ਲਈ ਅਜਿਹੀਆਂ ਪਾਰਕਿੰਗ ਥਾਵਾਂ ਨੂੰ ਨਿਰੋਲ ਰੂਪ ਵਿੱਚ ਰਾਖਵਾਂ ਕਰਦੇ ਹੋਏ, ਇੱਕ ਬਦਲਵੀਂ ਪਾਰਕਿੰਗ ਜਗ੍ਹਾ ਦੀ ਆਗਿਆ ਦੇ ਸਕਦੀ ਹੈ, ਜੋ ਕਿ ਹਵਾਲੇ ਅਧੀਨ ਸਥਾਨ ਤੋਂ 250 ਮੀਟਰ ਦੀ ਦੂਰੀ ਤੋਂ ਵੱਧ ਨਾ ਹੋਵੇ, ਜੇ ਨੇੜੇ-ਤੇੜੇ ਦੇ ਖੇਤਰ ਵਿੱਚ ਅਜਿਹੀ ਪਾਰਕਿੰਗ ਥਾਂ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਉਕਤ ਪਾਰਕਿੰਗ ਥਾਂ ਜਾਂ ਤਾਂ ਮਾਲਕੀ ਵਾਲੇ ਜਾਂ ਦਸ ਸਾਲਾਂ ਤੋਂ ਘੱਟ ਨਾ ਹੋਣ ਦੀ ਨਿਰੰਤਰ ਮੁੱਦਤ ਲਈ ਪਟੇ 'ਤੇ ਹੋਣਗੇ।

(5) ਜੇ ਦਰਖ਼ਾਸਤਕਾਰ ਪਾਰਕਿੰਗ ਖੇਤਰ ਪ੍ਰਦਾਨ ਨਹੀਂ ਕਰਦਾ, ਤਾਂ ਦਰਖ਼ਾਸਤਕਾਰ ਇਮਾਰਤ ਨੂੰ ਨਿਯਮਿਤਤਾ ਕਰਨ ਸਮੇਂ ਬਰਾਬਰ ਕਾਰ ਸਥਾਨ ਦੀ ਘਾਟ ਨੂੰ ਪੂਰਾ ਕਰਨ ਲਈ ਲੋੜੀਂਦੀ ਭੋਂ ਦੇ ਪ੍ਰਚਲਿਤ ਕੁਲੈਕਟਰ ਦਰ ਦੇ ਬਰਾਬਰ ਪਾਰਕਿੰਗ ਉਪ-ਕਰ ਅਦਾ ਕਰੇਗਾ।

(6) ਮਾਲਕ ਦਰਖ਼ਾਸਤ ਅਧੀਨ ਇਮਾਰਤ ਦੇ ਮਾਸਟਰ ਪਲਾਨ ਅਤੇ ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਹੋਣ ਲਈ ਜ਼ਿੰਮੇਵਾਰ ਹੋਵੇਗਾ।

ਇਸ ਕਾਨੂੰਨ ਅਧੀਨ ਆਉਣ ਵਾਲੀਆਂ ਰਾਜ਼ੀਨਾਮੇ-ਅਯੋਗ ਖ਼ਿਲਾਫ਼ਵਰਜ਼ੀਆਂ।

6. (1) ਇਹ ਐਕਟ ਸਿਰਫ਼ ਉਹਨਾਂ ਰਾਜ਼ੀਨਾਮਾ-ਅਯੋਗ ਖ਼ਿਲਾਫ਼ਵਰਜ਼ੀਆਂ ਤੇ ਲਾਗੂ ਹੋਵੇਗਾ ਜੋ 30 ਜੂਨ, 2018 ਨੂੰ ਜਾਂ ਇਸ ਤੋਂ ਪਹਿਲਾਂ ਕੀਤੀਆਂ ਗਈਆਂ ਹਨ।

(2) ਰਾਜ਼ੀਨਾਮੇ-ਅਯੋਗ ਖ਼ਿਲਾਫ਼ਵਰਜ਼ੀਆਂ ਦੇ ਮਾਮਲੇ, ਜੋ ਪਹਿਲਾਂ ਹੀ ਸ਼ਕਤਵਾਨ ਅਥਾਰਟੀਆਂ ਦੁਆਰਾ ਪਤਾ ਲਗਾਏ ਜਾ ਚੁੱਕੇ ਹਨ ਅਤੇ ਜਿਨ੍ਹਾਂ ਦੇ ਸਬੰਧ ਵਿੱਚ ਕਾਰਵਾਈਆਂ ਹਾਲੇ ਸਬੰਧਤ ਅਥਾਰਟੀਆਂ ਕੋਲ ਲੰਬਤ ਹਨ, ਵੀ ਇਸ ਐਕਟ ਦੇ ਅਨੁਸਾਰ ਨਿਪਟਾਏ ਜਾਣਗੇ। ਹਾਲਾਂਕਿ, ਅਜਿਹੇ ਮਾਮਲਿਆਂ ਦਾ ਨਿਪਟਾਰਾ ਕਰਵਾਉਣ ਲਈ, ਮਾਲਕ ਨੂੰ ਇਸ ਐਕਟ ਦੇ ਅਧੀਨ ਨਵੀਂ ਦਰਖ਼ਾਸਤ ਦੇਣੀ ਪਵੇਗੀ।

(3) ਹਾਲਾਂਕਿ, ਇੱਕੋ ਵਾਰੀ ਨਿਪਟਾਰਾ, ਨਗਰਪਾਲਕ ਨਿਗਮ, ਨਗਰਪਾਲਕ ਪਰਿਸ਼ਦ ਜਾਂ ਨਗਰ ਪੰਚਾਇਤ ਜਾਂ ਸੁਧਾਰ ਟ੍ਰੱਸਟ ਦੇ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ, ਜਿਹੀ ਕਿ ਸੂਰਤ ਹੋਵੇ, ਅਨੁਸ਼ਾਸਨੀ ਕਾਰਵਾਈ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਹੋਵੇਗੀ, ਜੋ ਅਜਿਹੀ ਖਿਲਾਫ਼ਵਰਜ਼ੀ ਵਿੱਚ ਸਹਾਇਤਾ ਕਰਨ ਜਾਂ ਉਕਸਾਉਣ ਲਈ ਜ਼ਿੰਮੇਵਾਰ ਪਾਇਆ ਜਾਂਦਾ ਹੈ।

ਇਸ ਕਾਨੂੰਨ ਅਧੀਨ ਕਾਰਵਾਈ ਨੂੰ ਅੰਤਮ ਰੂਪ ਦੇਣਾ ਅਤੇ ਸਮਾਂ ਸੀਮਾ।

7. (1) ਸ਼ਕਤਵਾਨ ਅਥਾਰਟੀ ਅੰਤਿਮ ਹੁਕਮ ਪਾਸ ਕਰੇਗੀ-

(i) ਬਿਨਾਂ ਸ਼ਰਤ ਦੇ ਇਜਾਜ਼ਤ ਦੇਣਾ; ਜਾਂ

(ii) ਅਜਿਹੀਆਂ ਸ਼ਰਤਾਂ ਦੇ ਤਾਬੇ ਇਜਾਜ਼ਤ ਦੇਣਾ ਜੋ ਉਹ ਲਗਾਉਣਾ ਜ਼ਰੂਰੀ ਸਮਝੇ; ਜਾਂ

(iii) ਇਜਾਜ਼ਤ ਦੇਣ ਤੋਂ ਇਨਕਾਰ ਕਰਨਾ; ਅਤੇ

(iv) ਜਿੱਥੇ ਸ਼ਰਤਾਂ ਦੇ ਤਾਬੇ ਇਜਾਜ਼ਤ ਦਿੱਤੀ ਜਾਂਦੀ ਹੈ ਜਾਂ ਇਨਕਾਰ ਕੀਤਾ ਜਾਂਦਾ ਹੈ, ਤਾਂ ਅਜਿਹੀਆਂ ਸ਼ਰਤਾਂ ਲਗਾਉਣ ਜਾਂ ਇਨਕਾਰ ਕਰਨ ਦਾ ਆਧਾਰ ਹੁਕਮ ਵਿੱਚ ਦਰਜ ਕੀਤਾ ਜਾਵੇਗਾ ਅਤੇ ਅਜਿਹਾ ਹੁਕਮ ਦਰਖ਼ਾਸਤਕਾਰ ਨੂੰ ਸੰਸੂਚਤ ਕੀਤਾ ਜਾਵੇਗਾ।

(2) ਸ਼ਕਤਵਾਨ ਅਥਾਰਟੀ ਇਸ ਐਕਟ ਦੇ ਅਰੰਭ ਹੋਣ ਤੋਂ ਪਿੱਛੋਂ ਇੱਕ ਸਾਲ ਦੀ ਮੁੱਦਤ ਦੇ ਅੰਦਰ ਮਾਮਲੇ ਨੂੰ ਅੰਤਿਮ ਰੂਪ ਦੇਵੇਗੀ।

(3) ਉਪ-ਧਾਰਾ (2) ਵਿੱਚ ਉਲਿਖਤ ਅਨੁਸਾਰ ਇੱਕ ਸਾਲ ਦੀ ਮੁੱਦਤ ਗੁਜ਼ਰਣ ਤੋਂ ਪਿੱਛੋਂ, ਰਾਜ਼ੀਨਾਮਾ-ਅਯੋਗ ਖ਼ਿਲਾਫ਼ਵਰਜ਼ੀਆਂ ਦਾ ਕੋਈ ਨਿਪਟਾਰਾ ਨਹੀਂ ਹੋਵੇਗਾ, ਜਿਹੜੀਆਂ ਉਪਰੋਕਤ ਅਨੁਬੰਧਤ ਮੁੱਦਤ ਅੰਦਰ ਪ੍ਰਗਟ ਨਹੀਂ ਕੀਤੀਆਂ ਗਈਆਂ ਜਾਂ ਜੇ ਪ੍ਰਗਟ ਕੀਤੀਆਂ ਗਈਆਂ ਪਰ ਉਕਤ ਮੁੱਦਤ ਅੰਦਰ ਅੰਤਮ ਤੌਰ ਤੇ ਨਿਪਟਾਈਆਂ ਨਹੀਂ ਗਈਆਂ। ਅਜਿਹੀਆਂ ਖਿਲਾਫ਼ਵਰਜ਼ੀਆਂ ਦੀ ਪਛਾਣ ਸ਼ਕਤਵਾਨ ਅਥਾਰਟੀ ਦੁਆਰਾ ਕੀਤੀ ਜਾਵੇਗੀ ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976 ਜਾਂ ਪੰਜਾਬ ਨਗਰਪਾਲਕ ਐਕਟ, 1911 ਜਾਂ ਪੰਜਾਬ ਨਗਰ ਸੁਧਾਰ ਐਕਟ, 1922, ਜੋ ਵੀ ਲਾਗੂ ਹੋਵੇ, ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

8. (1) ਇਸ ਐਕਟ ਅਧੀਨ ਸ਼ਕਤਵਾਨ ਅਥਾਰਟੀ ਦੇ ਕਿਸੇ ਹੁਕਮ ਤੋਂ ਦੁਖਿਤ ਕੋਈ ਵਿਅਕਤੀ, ਉਸ ਨੂੰ ਹੁਕਮ ਦੇ ਸੰਸੂਚਤ ਹੋਣ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਨੂੰ ਅਜਿਹੇ ਰੂਪ ਅਤੇ ਤਰੀਕੇ ਨਾਲ, ਜੋ ਉਲਿਖਤ ਕੀਤਾ ਜਾਵੇ, ਅਪੀਲ ਕਰ ਸਕਦਾ ਹੈ। ਸ਼ਕਤਵਾਨ ਅਥਾਰਟੀ ਦੇ ਹੁਕਮਾਂ ਵਿਰੁੱਧ ਅਪੀਲ।

(2) ਅਪੀਲੀ ਅਥਾਰਟੀ, ਧਿਰਾਂ ਅਤੇ ਸ਼ਕਤਵਾਨ ਅਥਾਰਟੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ, ਅਜਿਹਾ ਹੁਕਮ ਪਾਸ ਕਰ ਸਕਦੀ ਹੈ ਜਿਵੇਂ ਕਿ ਉਹ ਉੱਚਿਤ ਸਮਝੇ, ਜਾਂ ਤਾਂ ਸ਼ਕਤਵਾਨ ਅਥਾਰਟੀ ਦੇ ਹੁਕਮ ਦੀ ਪੁਸ਼ਟੀ, ਰੂਪਭੇਦ ਜਾਂ ਰੱਦ ਕਰਨ ਅਤੇ ਇਸ ਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਕਲਮਬੰਦ ਕਰ ਸਕਦੀ ਹੈ, ਅਤੇ ਅਪੀਲੀ ਅਥਾਰਟੀ ਦਾ ਹੁਕਮ ਅੰਤਿਮ ਹੋਵੇਗਾ।

(3) ਆਪਣੇ ਕਾਰਜਾਂ ਨੂੰ ਨਿਭਾਉਣ ਵਿੱਚ, ਅਪੀਲੀ ਅਥਾਰਟੀ ਕੋਲ ਅਪੀਲ ਦਾ ਫ਼ੈਸਲਾ ਕਰਦੇ ਸਮੇਂ ਦੀਵਾਨੀ ਜ਼ਾਬਤਾ ਸੰਘਤਾ, 1908 ਅਧੀਨ ਦੀਵਾਨੀ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ।

9. ਇਸ ਐਕਟ ਦੇ ਅਮਲ ਹੋਣ ਦੀ ਮੁੱਦਤ ਦੇ ਦੌਰਾਨ, ਇਸ ਐਕਟ ਦੇ ਉਪਬੰਧਾਂ ਦੇ ਅਧੀਨ ਹੇਠ-ਲਿਖੀਆਂ ਸ਼੍ਰੇਣੀਆਂ ਦੇ ਰਾਜ਼ੀਨਾਮੇ-ਅਯੋਗ ਇਮਾਰਤ ਖਿਲਾਫ਼ਵਰਜ਼ੀਆਂ ਦੇ ਸਬੰਧ ਵਿੱਚ ਕੋਈ ਰਾਹਤ ਉਪਲੱਬਧ ਨਹੀਂ ਹੋਵੇਗੀ, ਅਰਥਾਤ:- ਕੁਝ ਮਾਮਲਿਆਂ ਵਿੱਚ ਨਿਯਮਤਕਰਨ ਦੀਆਂ ਪਾਬੰਦੀਆਂ।

(ੳ) 30 ਜੂਨ, 2018 ਤੋਂ ਬਾਅਦ ਕੀਤੀਆਂ ਗਈਆਂ ਕੋਈ ਵੀ ਰਾਜ਼ੀਨਾਮੇ-ਅਯੋਗ ਇਮਾਰਤੀ ਖ਼ਿਲਾਫ਼ਵਰਜ਼ੀਆਂ;

(ਅ) ਜਨਤਕ ਭੋਂ 'ਤੇ ਨਾਜਾਇਜ਼ ਕਬਜ਼ਾ;

(ੲ) ਖੇਤਰ, ਜੋ ਭੋਂ ਅਰਜਤਕਰਣ ਐਕਟ, 1894, ਭੋਂ ਅਰਜਤਕਰਣ, ਪੁਨਰਵਾਸ ਅਤੇ ਪੁਨਰਸਥਾਪਨਾ ਵਿੱਚ ਉਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013, ਵਣ (ਪ੍ਰਤਿਪਾਲਣ) ਐਕਟ, 1980, ਪੰਜਾਬ ਭੋਂ ਪਰਿਰੱਖਿਅਕ ਐਕਟ, 1900, ਵਾਤਾਵਰਣ (ਹਿਫ਼ਾਜ਼ਤ) ਐਕਟ, 1986 ਅਤੇ ਰੱਖਿਆ ਕਾਰਜ ਐਕਟ, 1903 ਅਧੀਨ ਅਧਿਸੂਚਤ ਕੀਤਾ ਹੈ ਜਾਂ ਕਿਸੇ ਹੋਰ ਕੇਂਦਰੀ ਜਾਂ ਰਾਜ ਐਕਟ ਅਧੀਨ ਆਉਣ ਵਾਲੇ ਬੰਦੇਜ਼ੀ ਖੇਤਰ ਜੋ ਕਿਸੇ ਖ਼ਾਸ ਖੇਤਰ ਵਿੱਚ ਇਮਾਰਤਾਂ ਦੀ ਉਸਾਰੀ 'ਤੇ ਪਾਬੰਦੀ ਲਗਾਉਂਦਾ ਹੈ;

(ਸ) ਯੋਜਨਾਬੰਦੀ ਜਾਂ ਇਮਾਰਤੀ ਸਕੀਮਾਂ, ਸੁਧਾਰ ਟ੍ਰੱਸਟ ਸਕੀਮਾਂ, ਸ਼ਹਿਰੀ ਸੰਪਦਾ, ਉਦਯੋਗਿਕ ਫੋਕਲ ਪੁਆਇੰਟਾਂ ਜਾਂ ਕਿਸੇ ਹੋਰ ਐਕਟ ਅਧੀਨ ਬਣਾਈਆਂ ਗਈਆਂ ਸਕੀਮਾਂ ਵਿੱਚ ਦੁਕਾਨ-ਕਮ-ਫਲੈਟ ਨੂੰ ਵਪਾਰਕ ਵਿੱਚ ਬਦਲਣ ਨੂੰ ਛੱਡ ਕੇ, ਭੋਂ ਦੀ ਵਰਤੋਂ ਦੀ ਖ਼ਿਲਾਫ਼ਵਰਜ਼ੀ;

(ਹ) ਲਾਜ਼ਮੀ ਅੱਗ ਸੁਰੱਖਿਅਤਾ ਅਤੇ ਜਨਤਕ ਸੁਰੱਖਿਅਤਾ ਸੁਰੱਖਿਆ ਦੀਆਂ ਖ਼ਿਲਾਫ਼ਵਰਜ਼ੀਆਂ; ਅਤੇ

(ਕ) ਕਿਸੇ ਕਿਸਮ ਦੀ ਇਮਾਰਤ ਜਿਵੇਂ ਸਰਕਾਰ ਦੁਆਰਾ ਫੈਸਲਾ ਕੀਤਾ ਜਾਵੇ।

ਦਾਅਵੇ ਦਾ ਹੱਕਦਾਰ।

10. ਕੋਈ ਵਿਅਕਤੀ ਕਿਸੇ ਫ਼ਾਇਦੇ ਜਾਂ ਰਾਹਤ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ, ਜਦੋਂ ਤੱਕ ਸਾਰੇ ਨਿਬੰਧਨ ਅਤੇ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਗਈਆਂ ਹੋਣ ਅਤੇ ਸਰਕਾਰ ਦੁਆਰਾ ਉਲਿਖਤ ਲੋੜੀਂਦੀ ਫ਼ੀਸ ਅਤੇ ਵਿਕਾਸ ਖਰਚੇ ਜਮ੍ਹਾਂ ਨਹੀਂ ਕਰਵਾ ਦਿੱਤੇ ਜਾਂਦੇ।

ਅਦਾਲਤਾਂ ਦੀ ਅਧਿਕਾਰਤਾ ਤੇ ਰੋਕ।

11. ਕਿਸੇ ਵੀ ਦੀਵਾਨੀ ਅਦਾਲਤ ਨੂੰ ਕਿਸੇ ਵੀ ਮਾਮਲੇ ਦੇ ਸਬੰਧ ਵਿੱਚ ਕਿਸੇ ਵੀ ਦਾਵੇ ਜਾਂ ਕਾਰਵਾਈ ਨੂੰ ਵਿਚਾਰਨ ਦੀ ਅਧਿਕਾਰਤਾ ਨਹੀਂ ਹੋਵੇਗੀ, ਜਿਸ ਦਾ ਸਮਾਇਤ -ਅਧਿਕਾਰ ਇਸ ਐਕਟ ਜਾਂ ਇਸ ਅਧੀਨ ਬਣਾਏ ਨਿਯਮਾਂ ਜਾਂ ਵਿਨਿਯਮਾਂ ਦੁਆਰਾ ਸ਼ਕਤੀ ਪ੍ਰਾਪਤ ਕਿਸੇ ਵੀ ਅਥਾਰਟੀ ਦੁਆਰਾ ਲਿਆ ਅਤੇ ਨਿਪਟਾਇਆ ਜਾ ਸਕਦਾ ਹੈ।

ਐਕਟ ਦਾ ਪਰਮ ਪ੍ਰਭਾਵੀ ਹੋਣਾ।

12. ਪੰਜਾਬ ਨਗਰਪਾਲਕ ਐਕਟ, 1911, ਪੰਜਾਬ ਨਗਰਪਾਲਕ ਨਿਗਮ ਐਕਟ, 1976 ਅਤੇ ਪੰਜਾਬ ਨਗਰ ਸੁਧਾਰ ਐਕਟ, 1922 ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮ, ਵਿਨਿਯਮ ਅਤੇ ਉਪ ਕਾਨੂੰਨਾਂ ਜਾਂ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ, ਜੋ ਕਿ ਪੰਜਾਬ ਰਾਜ ਵਿੱਚ ਨਾਫ਼ਜ਼ ਹੈ, ਵਿੱਚ ਦਰਜ ਅਸੰਗਤ ਕਿਸੇ ਗੱਲ ਦੇ ਹੁੰਦਿਆ ਹੋਇਆਂ ਵੀ, ਇਸ ਐਕਟ ਦੇ ਉਪਬੰਧ ਪਰਮ ਪ੍ਰਭਾਵੀ ਹੋਣਗੇ।

ਨਿਰਸਨ ਕਰਨਾ ਅਤੇ ਬਚਾਓ।

13. (1) ਪੰਜਾਬ ਨਗਰ ਨਿਗਮਾਂ ਅਤੇ ਨਗਰਪਾਲਕਾਵਾਂ ਵਿੱਚ ਇਮਾਰਤ ਉਪ-ਕਾਨੂੰਨਾਂ ਦੀ ਖ਼ਿਲਾਫ਼ਵਰਜ਼ੀ ਵਿੱਚ ਉਸਾਰੀਆਂ ਗਈਆਂ ਇਮਾਰਤਾਂ ਦਾ ਇੱਕੋ ਵਾਰੀ ਸਵੈ-ਇੱਛੁਕ ਪ੍ਰਗਟਾਵਾ ਅਤੇ ਨਿਪਟਾਰਾ ਐਕਟ, 2004 (2004 ਦਾ ਪੰਜਾਬ ਐਕਟ ਨੰ: 6) ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਐਕਟ ਅਧੀਨ ਕੀਤੀ ਗਈ ਕੋਈ ਗੱਲ ਜਾਂ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3625/1-2026/Pb. Govt. Press, S.A.S. Nagar*